ਵਰਿਆਮ

ਨਵੰਬਰ 1977 1/-



ਹਰਿ ਜਪੇ ਹਰਿਮੰਦਰ ਸਾਜਿਆ, ਸੰਤ ਭਗਤ ਗੁਣ ਗਾਵਹਿ ਰਾਮ,
ਸਿਮਰ ਸਿਮਰ ਸੁਆਮੀ ਪ੍ਰਭੁ ਅਪਨਾ, ਸਗਲੇ ਪਾਪ ਤਜਾਵਹਿ ਰਾਮ,

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਮਾਸਕ ਵਰਿਆਮ ਨਵੰਬਰ 1977

ਜਿਲਦ ਨੰ: 3 ਅੰਕ ਨੰ: 1

ਪ੍ਰਕਾਸ਼ਨ ਮਿਤੀ 9-11-77

ਮੁੱਖ ਸੰਪਾਦਕ : ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : 1 ਰੁਪਿਆ
ਸਾਲਾਨਾ ਚੰਦਾ ਦੇਸ : 12 ਰੁਪਏ
,, ,, ਵਿਦੇਸ਼ : 30 ਰੁਪਏ (ਸਮੁੰਦਰੀ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : 200 ਰੁਪਏ

ਪੰਨਾ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ


'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ 3/1-77-ਐਡੀਟਰਚ, ਮਿਤੀ 2-3-77 ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—144001.
ਫੋਨ : 72504 ਪੀ. ਪੀ.

Office Address :
WARIAM
(Punjabi Monthly)
Ladowali Road
Jullundur-144001
Phone : 72504 P.P.

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

Namdhari Elibrary NamdhariElibrary@gmail.com



ਚਾਰ ਸੌ ਸਾਲਾ ਸਥਾਪਨਾ ਦਿਵਸ ਤੇ

ਅਮ੍ਰਿਤਸਰ ਸਿਫਤੀ ਦਾ ਘਰ

ਇਹ ਗੌਰਵ ਕੇਵਲ ਅਮ੍ਰਿਤਸਰ ਸ਼ਹਿਰ ਨੂੰ ਹੀ ਪ੍ਰਾਪਤ ਹੈ ਕਿ ਉਸ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ ਦੁਨੀਆ ਦੇ ਹੋਰ ਕਿਸੇ ਸ਼ਹਿਰ ਬਾਰੇ ਸ਼ਾਇਦ ਇਹ ਮਿਸਾਲ ਨਹੀਂ ਮਿਲਦੀ। ਅਪਣੀ ਸਥਾਪਨਾ ਦੇ 400 ਸਾਲਾਂ ਪਿਛੋਂ ਹੀ ਏਨੀ ਪਰਸਿਧੀ ਪ੍ਰਾਪਤ ਕੀਤੀ ਹੈ। ਪੰਜਾਬ ਅਤੇ ਭਾਰਤ ਦੀ ਸਾਰੀ ਸਰਕਾਰ ਹੀ ਅਮ੍ਰਿਤਸਰ ਯਾਤਰਾ ਨੂੰ ਆਈ। ਲਖਾਂ ਲੋਕਾਂ ਦਾ ਸ਼ਰਧਾਮਈ ਇਕਠ ਇਸ ਪਵਿਤਰ ਧਰਤੀ ਤੇ ਹੋਇਆ।



ਦਰਅਸਲ ਪੰਜਾਬ ਦੇ ਲੋਕਾਂ ਦੀ ਅਮ੍ਰਿਤਸਰ ਨਾਲ ਧਾਰਮਕ ਅਤੇ ਭਾਵਕ ਸਾਂਝ ਹੈ। ਮਹਾਂ ਵਾਕ ਹੈ :

ਅਮ੍ਰਿਤਸਰ ਸਿਫਤੀ ਦਾ ਘਰ

ਅਮ੍ਰਿਤਸਰ ਨਾਲ ਪੰਜਾਬੀ ਕੌਮ ਦਾ ਸੰਘਰਸ਼ਮਈ ਇਤਿਹਾਸ ਬੱਝਾ ਪਿਆ ਹੈ। ਇਥੋਂ ਅਮ੍ਰਿਤ ਦੀਆਂ ਧਾਰਾਂ ਫੁਟੀਆਂ, ਇਥੇ ਨਾਮ ਬਾਨੀ ਦੇ ਚਸ਼ਮੇ ਫੁਟੇ। ਸੰਘਰਸ਼ ਚਲੇ। ਪੰਜਾਬੀ ਬੋਲੀ ਸਭਿਆਚਾ ਸਾਹਿਤ ਕਲਾ ਤੇ ਸੰਸਕ੍ਰਿਤੀ ਪਰਵਾਨ ਚੜ੍ਹੀ। ਇਥੇ ਵਪਾਰ, ਇੰਡਸਟਰੀ, ਤੇ ਸਪੋਰਟਸ ਨੇ ਨਵੀਆਂ ਸਿਖਰਾਂ ਛੋਹੀਆਂ। ਇਥੋਂ ਦਾ ਰੂਹਾਨੀ ਸੰਦੇਸ਼ ਦੁਨੀਆਂ ਵਿਚ ਚੌਕੁੰਟੀ ਫੈਲਿਆ ਹੈ। ਮਰਜੀਵੜਿਆਂ ਦੀ ਇਸ ਧਰਤੀ ਨੂੰ ਬਾਰ ਬਾਰ ਪ੍ਰਨਾਮ ਹੈ।

ਤੇ ਨਾਲ ਹੀ ਪ੍ਰਨਾਮ ਹੈ ਇਸ ਸ਼ਹਿਰ ਦੇ ਨਿਰਮਾਤਾ ਵਿਦਵਤਾ ਦੇ ਸੂਰਜ, ਸਤਿਗੁਰੂ ਰਾਮ ਦਾਸ ਨੂੰ ਜਿਨ੍ਹਾਂ ਨੇ ਇਸ ਧਰਤੀ ਨੂੰ ਮੱਕੇ, ਵਾਰਾਨਸੀ ਅਤੇ ਰੋਮ ਦੇ ਮੁਕਾਬਲੇ ਦਾ ਰੁਤਬਾ ਬਖਸ਼ਿਆ। ਜਿਨ੍ਹਾਂ ਨੇ ਅਮ੍ਰਿਤਸਰ ਤੋਂ ਉਹ ਦੈਵੀ ਚਾਨਣ ਫੈਲਾਇਆ ਜਿਸ ਨੇ ਅਗਿਆਨ ਦੇ ਅੰਧਕਾਰ ਮੇਟੇ ਹਨ।

ਪੁਰਾਨਕ ਕਥਾਵਾਂ ਅਨੁਸਾਰ ਇਸ ਦੀ ਵਾਰਤਾ ਸਤਿਜੁਗ ਤੋਂ ਸ਼ੁਰੂ ਹੁੰਦੀ ਹੈ। ਸਤਿਜੁਗ ਵਿਚ ਅਖਵਾਕੂ ਰਾਜਾ ਨੇ ਰਾਵੀ ਤੇ ਬਿਆਸ ਦੇ ਵਿਚਕਾਰ ਸੁਹਾਵਣਾ ਤੇ ਰਮਣੀਕ ਸਥਾਨ ਵੇਖਕੇ ਵਡਾ ਯਗ ਹਵਨ ਕੀਤਾ। ਬੇਅੰਤ ਰਿਸ਼ੀਆਂ ਮੁਨੀਆਂ ਨੇ ਦਰਸ਼ਨ ਦਿਤੇ। ਯਗ ਸੰਪੂਰਣ ਹੋਣ ਉਪਰੰਤ ਬ੍ਰਹਮਾ ਨੇ ਰਾਜਾ ਨੂੰ ਵਰਦਾਨ ਮੰਗਣ ਲਈ ਕਿਹਾ। ਰਾਜਾ ਨੇ ਬੇਨਤੀ ਕੀਤੀ ਇਸ ਯਗ ਵਾਲੇ ਥਾਂ ਤੇ ਅਜੇਹਾ ਤੀਰਥ ਹੋਵੇ ਜਿਸ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਦਾ ਨਾਸ਼ ਹੋਵੇ। ਬ੍ਰਹਮਾ ਨੇ ਕਿਹਾ ਸਮੂਹ ਰਿਸ਼ੀਆਂ ਦੇ ਚਰਨ ਧੋ ਕੇ ਢਾਬ ਵਿਚ ਪਾ ਦੇਵੋ। ਸ੍ਰੀ ਅੰਮ੍ਰਿਤਸਰ ਵਾਲੇ ਥਾਂ ਉਸ ਵੇਲੇ ਕੱਚੀ ਢਾਬ ਸੀ। ਰਾਜਾ ਨੇ ਸਭ ਮਹਾਂ ਪੁਰਖਾਂ ਤੇ ਚਰਨ ਧੋ ਕੇ ਜਲ ਢਾਬ ਵਿਚ ਪਾ ਦਿਤਾ ਉਸ ਢਾਬ ਦਾ ਨਾਉਂ ਉਸੇ ਵੇਲੇ ਸੁਧਾਸਰ ਰਖਿਆ ਗਿਆ।

ਪਟੀ ਦੇ ਰਾਜੇ ਦੀਆਂ ਨੌ ਧੀਆਂ ਸਨ। ਸਭ ਧੀਆਂ ਨੇ ਕਿਹਾ ਕਿ ਉਹ ਆਪਣੇ ਬਾਪ ਦਾ ਦਿਤਾ ਖਾਂਦੀਆਂ ਹਨ ਪਰ ਸਭ ਤੋਂ ਛੋਟੀ ਰਜਨੀ ਨੇ ਕਿਹਾ ਮੈਂ ਪਰਮਾਤਮਾ ਦਾ ਦਿਤਾ ਖਾਂਦੀ ਹਾਂ। ਇਸੇ ਗੱਲ ਤੇ ਪਿਉ ਨੇ ਇਕ ਪਿੰਗਲੇ ਨਾਲ ਵਿਆਹ ਦਿਤੀ। ਉਹ ਆਪਣੇ ਪਤੀ ਨੂੰ ਟੋਕਰੇ ਵਿਚ ਪਾਈ ਦਰ ਦਰ ਮੰਗਦੀ ਅੰਮ੍ਰਿਤ ਸਰੋਵਰ ਵਾਲੀ ਥਾ ਜਿਥੇ ਛਪੜੀ ਜਿਹੀ ਸੀ ਆਈ ਤੇ ਪਿੰਡ ਮੰਗਣ ਚਲੀ ਗਈ।

ਪਿੰਗਲੇ ਨੇ ਵੇਖਿਆ ਛਪੜੀ ਚੋਂ ਕਾਂ ਨਹਾ ਕੇ ਹੰਸ ਬਣ ਕੇ ਜਾ ਰਹੇ ਨੇ। ਉਸ ਨੇ ਵੀ ਰਿੜ ਕੇ ਇਸ਼ਨਾਨ ਕੀਤਾ ਤੇ ਨੌ-ਬਰ-ਨੌ ਹੋ ਗਿਆ। ਰਜਨੀ ਨੇ ਪਤੀ ਨੂੰ ਨਾ ਪਛਾਣਿਆ। ਗੁਰੂ ਰਾਮਦਾਸ ਜੀ ਨੇ ਝਗੜੇ ਦਾ ਫੈਸਲਾ ਕਰਾਉਣ ਲਈ ਆਦਮੀ ਦੀ ਕੋਹੜ ਵਾਲੀ ਬਚੀ ਉਂਗਲ ਨੂੰ ਜਲ 'ਚ ਪਾਇਆ ਤਾਂ ਉਹ ਵੀ ਠੀਕ ਹੋ ਗਈ। ਇਸ ਥਾਂ ਤੇ ਹੁਣ ਦੁਖ ਭੰਜਣੀ ਬੇਰੀ ਬਣੀ ਹੈ।

Namdhari Elibrary NamdhariElibrary@gmail.com

ਅੰਮ੍ਰਿਤਸਰ ਸ਼ਹਿਰ ਦੀ ਨੀਂਹ ਗੁਰੂ ਰਾਮਦਾਸ ਜੀ ਨੇ ਰਖੀ। 1574 ਈ: ਵਿਚ ਚਕ ਰਾਮਦਾਸ ਦੀ ਨੀਂਹ ਰਖੀ ਤੇ 1577 ਵਿਚ ਪਵਿਤਰ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ। 1589 ਵਿਚ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਵਿਚ ਬਣੇ ਥੜੇ ਤੇ ਹਰਿਮੰਦਰ ਸ਼ਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਪਾਸੋਂ ਰਖਵਾਈ! 1604 ਵਿਚ ਹਰਿਮੰਦਰ ਵਿਚ ਆਦਿ ਬੀੜ ਰਖ ਕੇ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਦੇ ਪਹਿਲੇ ਗਰੰਥੀ ਥਾਪਿਆ ਗਿਆ। ਗੁਰੂ ਹਰ ਗੋਬਿੰਦ ਜੀ ਨੇ 1607 ਵਿਚ ਅਕਾਲ ਤਖਤ ਦੀ ਸਥਾਪਣਾ ਕੀਤੀ।

ਸਮੇਂ ਦੇ ਗੇੜ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਹਰਿਮੰਦਰ ਸਾਹਿਬ ਜਾਣ ਦੀ ਆਗਿਆ ਨਾ ਮਿਲੀ, ਗੁਰੂ ਗੋਬਿੰਦ ਸਿੰਘ ਜੀ ਵੀ ਇਸ ਤੀਰਥ ਤੇ ਨਹੀਂ ਗਏ। ਭਾਈ



ਧੰਨੁ ਧੰਨੁ ਰਾਮ ਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ

ਸਿੰਘਾਂ ਵਲੋਂ ਚਲਾਏ ਸੰਘਰਸ਼ ਵਿਚ ਕਈ ਉਤਾਰ ਚੜ੍ਹਾਅ ਆਏ। ਮੁਗਲ ਫੌਜਾਂ ਨੇ ਸਰੋਵਰ ਪੂਰ ਕੇ ਸਿਖਾਂ ਦੀ ਸ਼ਕਤੀ ਖਤਮ ਕਰਨ ਦੀ ਸੋਚੀ, ਮਸਾ ਰੰਗੜ ਹਰਿਮੰਦਰ ਅੰਦਰ ਹੁੱਕਾ ਪੀਂਦਾ ਤੇ ਕੰਜਰੀਆਂ ਦੇ ਨਾਚ ਕਰਾਉਂਦਾ। ਗੁਰੂ ਕੇ ਸਿਖ ਸੁਖਾ ਸਿੰਘ ਤੇ ਮਤਾਬ ਸਿੰਘ ਨੇ ਬੀਕਾਨੇਰ ਚੋਂ ਆ ਕੇ ਮਸੇ ਦਾ ਸਿਰ ਵਢਿਆ ਤੇ ਵਾਪਸ ਜਾ ਕੇ ਸਿੰਘਾਂ ਨੂੰ ਪੇਸ਼ ਕੀਤਾ, ਇਸ ਤਰ੍ਹਾਂ ਉਹਨਾਂ ਨੇ ਹਰਿਮੰਦਰ ਦੀ ਬੇਅਦਬੀ ਦਾ ਬਦਲਾ ਲਿਆ।

ਅਹਿਮਦ ਸ਼ਾਹ ਅਬਦਾਲੀ ਨੇ ਫੇਰ ਬਾਰੂਦ ਨਾਲ ਹਰਿਮੰਦਰ ਸਾਹਿਬ ਉੜਾ ਦਿਤਾ, ਪਰ ਸਿੰਘਾਂ ਨੇ ਦੋ ਸਾਲਾਂ

Namdhari Elibrary NamdhariElibrary@gmail.com

ਬਾਅਦ ਹੀ ਮੁੜ ਉਸਾਰੀ ਸ਼ੁਰੂ ਕਰ ਦਿਤੀ। ਸੰਨ 1802 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਤੇ ਅਧਿਕਾਰ ਪ੍ਰਾਪਤ ਕਰਕੇ ਫੇਰ ਹਰਿਮੰਦਰ ਤੇ ਸੋਨਾ ਚੜ੍ਹਾਇਆ ਤੇ ਇਕ ਵਾਰ ਫੇਰ ਅੰਮ੍ਰਿਸਰ ਦੀ ਸ਼ਾਨ ਆਪਣੀਆਂ ਸਿਖਰਾਂ ਨੂੰ ਪਹੁੰਚੀ।

ਸੰਨ 1841 ਨੂੰ ਪੰਜਾਬ ਅੰਗਰੇਜ਼ੀ ਰਾਜ ਵਿਚ ਮਿਲਾਇਆ ਗਿਆ। ਅੰਗਰੇਜ਼ਾਂ ਨੇ ਪੰਜਾਬੀਆਂ ਦੀ ਗੈਰਤ ਕੁਚਲਣ ਲਈ ਦਰਬਾਰ ਸਾਹਿਬ ਘੰਟਾ ਘਰ ਨਾਲ ਗਊਆਂ ਮਾਰਨ ਲਈ ਬੁਚੜ ਖਾਨਾ ਖੋਲ੍ਹਿਆ ਜਿਥੋਂ ਹੱਡ ਤੇ ਮਾਸ ਇਲਾਂ ਕਾਂ ਚੁਕ ਕੇ ਦਰਬਾਰ ਸਾਹਿਬ ਦੀ ਪਵਿਤਰਤਾ ਭੰਗ ਕਰਦੇ। ਹਿੰਦੂ ਸਿਖ ਬਹੁਤ ਤੰਗ ਹੋਏ। ਐਜੀਟੇਸ਼ਨਾਂ ਵੀ ਉਠੀਆਂ ਪਰ ਸਰਕਾਰੀ ਸ਼ਹਿ ਤੇ ਬੁਚੜ ਇਹ ਕੰਮ ਕਰਦੇ ਰਹੇ।



ਵਤਨ ਦੇ ਵਾਸਤੇ ਮਰਨਾ ਕਬੂਲਣ ਸ਼ੇਰ ਦਿਲ ਜਿਹੜੇ
ਉਹਨਾਂ ਨੂੰ ਮੌਤ ਵੀ ਆ ਆ ਕੇ ਖੁਦ ਪਰਨਾਮ ਕਰਦੀ ਏ

ਅੰਤ 1871 ਵਿਚ ਨਾਮਧਾਰੀ ਸਿੰਘਾਂ ਨੇ ਬੁਚੜਖਾਨੇ ਤੇ ਹਮਲਾ ਕਰਕੇ ਗਊਆਂ ਅਜ਼ਾਦ ਕਰਵਾਈਆਂ ਤੇ ਬੁਚੜ ਵੱਢ ਕੇ ਫਰਾਰ ਹੋ ਗਏ। ਹਕੂਮਤ ਨੇ ਕੁੱਟ ਕੁੱਟ ਕੇ ਤੇ ਤਸੀਹੇ ਦੇ ਦੇ ਕੇ ਬੇਦੋਸ਼ ਨਿਹੰਗਾਂ ਤੇ ਹਿੰਦੂਆਂ ਤੋਂ ਜੁਰਮ ਦਾ ਇਕਬਾਲ ਕਰਵਾ ਲਿਆ ਪਰ ਭੈਣੀ ਸਾਹਿਬ ਵਿਚ ਸਤਿਗੁਰੂ ਰਾਮ ਸਿੰਘ ਦੇ ਆਦੇਸ਼ ਦੇਣ ਤੇ ਅੰਮ੍ਰਿਤਸਰ ਸੈਸ਼ਨ ਜੱਜ ਦੇ ਹਾਜ਼ਰ ਹੋ ਕੇ ਆਪਣਾ ਜੁਰਮ ਇਕਬਾਲ ਕਰਕੇ ਅੰਗਰੇਜ਼ ਇਨਸਾਫ ਦੀ ਮਿਟੀ ਬਾਲ ਦਿਤੀ ਤੇ ਨਾਲ ਹੀ ਸਾਮਰਾਜੀ ਹਕੂਮਤ ਨੂੰ ਚਣੌਤੀ ਦਿਤੀ 15 ਸਤੰਬਰ 1871 ਨੂੰ ਰਾਮ ਬਾਗ ਦੇ ਬੋਹੜ ਨਾਲ ਸਭ ਲੋਕਾਂ ਦੇ ਸਾਹਮਣੇ ਸ: ਬੀਹਲਾ ਸਿੰਘ, ਸ: ਫਤਹਿ ਸਿੰਘ, ਸ: ਹਾਕਮ ਸਿੰਘ ਤੇ ਲਹਿਣਾ ਸਿੰਘ ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ।


Namdhari Elibrary NamdhariElibrary@gmail.com

ਜਲਿਆਂ ਵਾਲੇ ਬਾਗ ਵਿਚ 1919 ਦੀ ਵਿਸਾਖੀ ਨੂੰ ਜਨਰਲ ਡਾਇਰ ਨੇ ਸੈਂਕੜੇ ਹਿੰਦੁਸਤਾਨੀਆਂ ਨੂੰ ਗੋਲੀਆਂ ਨਾਲ ਭੁੰਨ ਦਿਤਾ। ਇਉਂ ਇਥੇ ਹਿੰਦੂ ਮੁਸਲਮਾਨ ਸਿਖ ਇਸਾਈਆਂ ਦਾ ਸਾਂਝਾ ਖੂਨ ਡੁਲਿਆ। ਇਸ ਇਕਲੀ ਘਟਨਾ ਨੇ ਹਿੰਦੋਸਤਾਨ ਦੀ ਆਜ਼ਾਦੀ ਦੀ ਜੰਗ ਦੀ ਧਾਰਾ ਹੀ ਬਦਲ ਦਿਤੀ ਤੇ ਮਹਾਤਮਾ ਗਾਂਧੀ ਮੈਦਾਨ ਵਿਚ ਨਿਤਰੇ।

ਅਕਾਲੀ ਪਾਰਟੀ ਨੇ ਇਥੋਂ ਹੀ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਹੇਠੋਂ ਛੁਡਾਉਣ ਲਈ ਮੋਰਚੇ ਲਾਏ ਪੰਜਾਬੀ ਸੂਬੇ ਦਾ ਮੋਰਚਾ ਅਤੇ ਅਤੇ ਐਮਰਜੰਸੀ ਵਿਰੁਧ ਮੋਰਚਾ ਵੀ ਇਥੋਂ ਹੀ ਲਗਾ—ਇਥੇ ਹੀ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਨੇ ਆਪਣੇ ਮਰਨ ਵਰਤ ਰਖੇ ਜਿਨ੍ਹਾਂ ਦੀ ਨਾਕਾਮਯਾਬੀ ਪਿਛੋਂ ਵਰਿਆਮ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਨੇ ਆਪਣੀ ਸ਼ਹਾਦਤ ਦੇ ਕੇ ਸਿਖਾਂ ਦੀ ਸ਼ਹੀਦੀ ਰਵਾਇਤਾਂ ਨੂੰ ਕਾਇਮ ਰਖਿਆ।

ਇਥੋਂ ਦਾ ਦੁਰਗਿਆਨਾ ਮੰਦਰ ਪ੍ਰਸਿਧ ਹਿੰਦੂ ਤੀਰਥ ਤੇ ਵੇਖਣ ਯੋਗ ਥਾਂ ਹੈ।

ਅਮ੍ਰਿਤਸਰ ਰੂਹਾਨੀਅਤ ਦੇ ਕੇਂਦਰ ਵਜੋਂ ਸਥਾਪਤ ਕੀਤਾ ਗਿਆ ਸੀ। ਹੁਣ ਵੀ ਚਾਹੀਦਾ ਹੈ ਕਿ ਇਹ ਰੂਹਾਨੀਅਤ ਭਰਾਤਰੀ ਭਾਵ, ਸਰਬ ਧਰਮ ਏਕਤਾ ਅਤੇ ਜ਼ੁਲਮ ਵਿਰੁਧ ਜਹਾਦ ਦਾ ਕੇਂਦਰ ਬਣਿਆ ਰਹੇ।



ਜਲਿਆਂ ਵਾਲਾ ਬਾਗ

ਪਿਆਰ ਸਾਡੇ ਦੀ ਪਰਖ ਇਸ ਵਤਨ ਦੀ ਮਿੱਟੀ ਕਰੇ,
ਦੇਸ਼ ਦੀ ਸਵਾਧੀਨਤਾ ਪਲਦੀ ਲਹੂ ਦੇ ਆਸਰੇ,
ਮਿਟ ਗਏ ਜੋ ਵਤਨ ਦੀ ਇਜ਼ਤ ਲਈ
ਯਾਦ ਉਨ੍ਹਾਂ ਦੀ ਸਦਾ ਸਜਰੀ ਰਹੇ ਮਘਦੀ ਰਹੇ,

Namdhari Elibrary NamdhariElibrary@gmail.com

ਗੁਰੂ ਨਾਨਕ ਬਚਨ

ਬੇਬੇ ਨਾਨਕੀ ਨੇ ਕਹਿਆ, "ਭਾਈ ਜੀ, ਦਿਨਾਂ ਵਿਚ ਤਾਂ ਮੈਂ ਆਪ ਤੋਂ ਬਡੀ ਹਾਂ, ਪਰ ਕਰਮ ਵਿਚ ਬਡੀ ਨਹੀਂ ਅਰ ਬਡਾ ਸੋਈ ਹੈ, ਜੋ ਕਰਮ ਵਿਚ ਬਡਾ ਹੋਵੇ।

ਸੁਣ ਮਰਦਾਨਾ, ਨਜ਼ਰ ਕਰਤਾਰ ਉਪਰ ਰਖੀਦੀ ਹੈ, ਬੰਦੇ ਦੀ ਆਸ ਵਿਚ ਔਗਣ ਵਡਾ ਹੋਂਦਾ ਹੈ ਅਤੇ ਪਰਮੇਸਰ ਦੀ ਆਸ ਵਿਚ ਸੰਤੋਖ ਹੋਂਦਾ ਹੈ।

ਮਰਦਾਨੇ ਕਹਿਆ, "ਗੁਰੂ ਜੀ। ਹਿੰਦੂ ਕਹਿੰਦੇ ਹਨ 'ਦਰਸ਼ਨ ਕੀਤਾ' ਅਤੇ ਤੁਰਕ ਆਖਦੇ ਹੈਂ 'ਦੀਦਾਰ ਪਾਇਆ' ਇਹ ਸੱਚ ਕਹਿੰਦੇ ਹੈਨ ਕਿ ਝੂਠੇ ਹੈਨ ? ਗੁਰੂ ਜੀ ਨੇ ਕਹਿਆ, "ਸੁਣ ਮਰਦਾਨਾ! ਇਹ ਸਭ ਝੂਠ ਹੈ! ਜੋ ਦਰਸ਼ਨ ਕਰਦੇ ਭੀ ਹੈਂਨ ਦੋਵੇਂ ਧਿਰਾਂ, ਸੋ ਕੀਤੇ ਹੋਏ ਕਾ ਕਰਦੇ ਹੈਂਨ, ਉਸ ਨੇ ਆਪਣਾ ਆਪ ਕਿਸੇ ਨੂੰ ਨਹੀਂ ਦਿਖਾਇਆ, ਏਵੇਂ ਦੋਵੇਂ ਦਾਵੇ ਵਿਚ ਪਏ ਹੋਏ ਸੜਦੇ ਹੈਂਨ।

ਬ੍ਰਹਮਾ, ਬਿਸ਼ਨੂੰ, ਮਹੇਸ਼, ਉਹ ਭੀ ਅੰਤ ਪਾਇ ਥਕੇ ਹੈਂਨ ਤੇ ਕਿਸੇ ਅੰਤ ਨਹੀਂ ਆਇਆ. ਉਹ ਪਰਮੇਸਰ ਆਪਣੀ ਕੁਦਰਤ ਕੋ ਆਪੇ ਹੀ ਜਾਣੇ, ਕਮਲਾ ਸੰਸਾਰ ਅਵਤਾਰਾਂ ਨੂੰ ਪਰਮੇਸਰ ਆਖਦਾ ਹੈ, ਅਤੇ ਉਨਾਂ ਵੀ ਅੰਤ ਨਹੀਂ ਪਾਇਆ।

ਨਿਵਣਾ ਸਭ ਅੱਗੇ, ਖਿਮਾ ਕਰਨੀ, ਮਿਠਾ ਬੋਲਣਾ, ਏਹ ਵਚਨ ਤ੍ਰੈ ਦ੍ਰਿੜ ਰਖਣੇ।

ਗੁਰੂ ਜੀ ਕਹਿਆ—"ਸੁਣ ਭਾਈ ਬਾਲਾ। ਏਹ ਬਡੀ ਭਾਰੀ ਹਤਿਆ ਹੈ ਕੰਨਿਆ ਦਾ ਦਰਬ ਲੈਣਾ ਤੇ ਕੰਨਿਆ ਮਾਰਨੀ ਪਰ ਸੰਸਾਰ ਇਸ ਹਤਿਆ ਵਿਚ ਲਗ ਰਹਿਆ ਹੈ, ਜੋ ਪਦਾਰਥ ਲੈ ਕੇ ਖਾਂਦੇ ਹਨ ਤਿਨਾਂ ਦੀ ਸਤਿਆ ਨਹੀਂ ਰਹਿੰਦੀ।

ਸ੍ਰੀ ਗੁਰੂ ਨਾਨਕ ਜੀ ਨੇ ਕਿਹਾ—"ਮਰਦਾਨਿਆਂ : ਜੋ ਸਤਸੰਗ ਨਹੀਂ ਕਰਦੇ ਸੋ ਨਿਸਫਲ ਹੈਂਣ. ਮਾਨੁਖਦੇਹ ਭਗਵੰਤ ਨੇ ਜੋ ਦਿਤੀ ਹੈ ਸੋ ਪਰ ਉਪਕਾਰ ਵਾਸਤੇ, ਸਤਸੰਗ ਕਰਨ ਨੂੰ ਤੇ ਨਾਮ ਜਪਣੇ ਨੂੰ, ਸੋ ਪਰਉਪਕਾਰ ਕੀਏ ਤੇ ਦੇਹੀ ਸਫਲ ਹੋਂਦੀ ਹੈ ਸਤਸੰਗ ਕਰਣ ਤੋਂ ਪਵਿਤ੍ਰ ਹੋਵੀਦਾ ਹੈ, ਨਾਮ ਦੇ ਪ੍ਰਤਾਪ ਤੇ ਸਦਗਤੀ ਪ੍ਰਾਪਤ ਹੋਂਦੀ ਹੈ।"

੨ (ਜਨਮ ਸਾਖੀ ਭਾਈ ਬਾਲਾ ਵਿਚੋਂ)

Namdhari Elibrary NamdhariElibrary@gmail.com

ਗ਼ਜ਼ਲ

ਡਾ: ਆਤਮ ਹਮਰਾਹੀ

ਮੁੜਿਆ ਅਸਾਂ ਨੇ ਵੇਖਿਆ ਜਾਂ ਮਨ ਜਨਾਬ ਦਾ।
ਡਿੱਗਦਾ ਅਸਾਂ ਨੂੰ ਜਾਪਿਆ, ਤੁਪਕਾ ਤੇਜ਼ਾਬ ਦਾ।
ਅੱਖਾਂ ਸਲ੍ਹਾਬੀਆਂ ਤੇ ਕੁਝ ਕੌੜ ਚੜ੍ਹ ਗਈ,
ਵਰਕਾ ਜਾਂ ਗੁੰਮ ਵੇਖਿਆ, ਮਨ ਦੀ ਕਿਤਾਬ ਦਾ।
ਮੈਂ ਚੁੱਪ ਦੇ ਪਰੋਲੀਂ ਬੰਨਿਆ ਜਿਉਂ ਪੀੜ ਨੂੰ,
ਲਭਦਾ ਇਲਾਜ ਵੀ ਹਾਂ ਮੈਂ ਸਿੰਮਦੀ ਸਲ੍ਹਾਬ ਦਾ।
ਲੁਕਦੀ ਕਦੇ ਨਾ, ਝਾਕਦੀ, ਵਿਰਲਾ ਥੀਂ ਚਾਨਣੀ,
ਟਿਕਦਾ ਦਾ ਦੇਰ ਲੰਮੀ, ਰੰਗਣ ਖਜ਼ਾਬ ਦਾ।
ਵਰ੍ਹਿਆਂ ਤੋਂ ਅਉਸ ਬੈਠੀ, ਹੈ ਅਪਣੱਤ ਨੂੰ ਵਿਛਾ ਕੇ,
ਪੁੜਿਆ ਅਸਾਡੇ ਫੁੱਲ ਵੀ, ਕੰਡਾ ਗੁਲਾਬ ਦਾ।
ਇਕਵਾਰਗੀ ਨਿਗਾਹ ਤੋਂ ਝਰਨਾਟ ਛਿੜ ਗਈ ਸੀ,
ਲਾਇਆ, ਲੱਥਾ ਨਾ ਜ਼ੋਰ ਟੂਣਾ ਖੁਵਾਬ ਦਾ।
ਮਿਲਦੀ ਖੁਸ਼ੀ ਅਸੀਮ ਜਾਂ. ਸੱਜਣ ਨੂੰ ਵੇਖ ਲਾਂ,
ਰਹਿੰਦਾ ਨਾ, ਤੁਰਜੇ ਵਿਟਰਕੇ, ਘਾਟਾ ਹਿਸਾਬ ਦਾ।
ਕਰਦੇ ਮੁਕਾਬਲਾ ਨਾ. ਸਨਮਾਨ ਤੇ ਵਜ਼ੀਫੇ,
ਬਖਸ਼ੇ ਹੋਏ ਦਿਲਬਰਾਂ ਦੇ, ਮੋਹ ਦੇ ਖਿਤਾਬ ਦਾ।
ਚੜ੍ਹਦਾ ਉਤਾਂਹ ਨੂੰ ਸ਼ੂਕਦਾ, ਮਿਲਦੀ ਜੋ ਦਿਲਬਰੀ,
ਕਰਦਾ ਮੁਕਾਬਲਾ ਚਿੱਤ, ਉਡਦੇ ਉਕਾਬ ਦਾ।
ਤਨ ਦੀ ਤ੍ਰੇਹ ਹਰੇਕ ਨੂੰ, ਮਨ ਦੀ ਕਿਸੇ ਕਿਸੇ,
ਲੋਭੀ ਪਤੰਗ-ਭੌਰ ਹੈ, ਮਹਿਕੇ ਸ਼ਬਾਬ ਦਾ।
ਨਜ਼ਰਾਂ ਲਗਾਕੇ ਡੀਕ ਲਈ, ਮੂੰਹ ਦੀ ਛਬੀਲ ਤੋਂ,
ਸਜਣਾਂ ਦੁਪਹਿਰੇ ਖੋਹਲਿਆ ਠੇਕਾ ਸ਼ਰਾਬ ਦਾ।
ਤੁਰਿਆ ਤਮ੍ਹਾਂ ਦਾ ਪਾਂਧੀ ਵਤਨਾਂ ਤੋਂ ਦੂਰ ਜਾ,
ਆਇਆ ਸੀ ਬਹੁਤ ਚੇਤੇ, ਪਾਣੀ ਦੁਆਬ ਦਾ।
'ਆਤਮ' ਨੇ ਹਰ ਪੜਾਅ ਦੀ. ਔਕੜ ਹੰਢਾ ਲਈ,
ਪਰਦਾ ਕੀ ਅਰਥ ਰਖਦੈ, ਛਲ੍ਹ ਦੀ ਨਿਕਾਬ ਦਾ।

——

ਨੰਗੀ ਹਵਾ

ਨੰਗੀ ਹਵਾ ਹੈ ਠੁਰ ਠੁਰ ਕਰਦੀ
ਤਾਂਘ ਲੂਹਰਦੀ ਹਾਵੇ ਭਰਦੀ
ਜੀਣਾ ਕੇਹਾ ਬਿਸ਼ਰਾਮ ਵਰਗਾ
ਪੁਤਲੀਆਂ ਦਾ ਹੱਸਣ ਕਾਹਦਾ!
ਸਿਖਰ-ਉਮਰ ਉਦਰੇਵਾਂ ਮੋਇਆ
ਜਿੰਦੂ ਦੀ ਬਦਬਖਤੀ ਆਈ
ਬਿਨ ਆਈਉਂ ਹੈ ਮਰਦੀ।
ਨੰਗੀ ਹਵਾ ਹੈ ਠੁਰ ਠੁਰ ਕਰਦੀ।
ਕੋਹੇ ਸਿਲ੍ਹਾਬੇ ਬਿਰਤੀ ਮੱਲੀ
ਟੁਣਕੇ ਨਾ ਟੁਣਕਾਇਆਂ ਟੱਲੀ
ਮੂਕ, ਚਹਿਕਦੀ ਜੀਭਾ ਲੂਤਰੀ
ਹਰ ਤਿੱਖ ਦੀ ਬੋਦੀ ਕੁਤਰੀ
ਬਦੱਲ ਥਾਵੇਂ ਬਰਸੀ ਬਿਜਲੀ
ਆਲ੍ਹਣਿਆਂ ਦੇ ਤੀਲੇ ਕੰਬੇ
ਜਿੰਦ ਬਲੋਵੇ ਡਰਦੀ ॥
ਨੰਗੀ ਹਵਾ ਹੈ ਠੁਰ ਠੁਰ ਕਰਦੀ।
ਮੋਹ-ਘੇਰਿਉਂ ਹਰਨੀ ਛੁੱਟੀ
ਵੇਹੰਦੀ ਵੇਦਨ ਲੁੱਟੀ ਪੁੱਟੀ
ਹਿੰਮਤ ਨੂੰ ਕੜਵੱਲਾਂ ਚੜ੍ਹੀਆਂ
ਔਕੜ ਦੇਂਦੀ ਅਗੋਂ ਤੜੀਆਂ
ਕੇਹੀ ਹਵਾ ਦਵਾਲੇ ਭੁੱਕੀ
ਮਨ-ਦੀਵੇ ਦੀ ਵੱਤੀ ਸੁੱਤੀ
ਆਸ ਧੀਰ ਨਾ ਧਰਦੀ।
ਨੰਗੀ ਹਵਾ ਹੈ ਠੁਰ ਠੁਰ ਕਰਦੀ।
ਮਨ-ਭੱਠੀ ਦੇਹੀ ਦੇ ਤੀਲੇ
ਬਾਲ ਸੁਟੇ ਮੈਂ ਸਾਰੇ ਹੀਲੇ
ਸਜਣ-ਵਫ਼ਾ ਦੀ ਕੇਹੀ ਰੀਤੀ!
ਹਰ ਕੰਨੀਂ ਸਰਗੋਸ਼ੀ ਕੀਤੀ
ਚਹੁੰ-ਕੂਟੀਂ ਹੈ ਧੂਮਰ ਭਰਿਆ
ਕੌੜਾਂ ਨੇ ਪਥਰਾਈਆਂ ਨੀਝਾਂ
ਸੁਧ ਰਹੀ ਨਾ ਘਰ ਦੀ।
ਨੰਗੀ ਹਵਾ ਹੈ ਠੁਰ ਠੁਰ ਕਰਦੀ।
ਗ਼ਮ ਧੁਣਖੀ ਨੇ ਇੱਛਾ ਪਿੰਜੀ
ਭੌਂ-ਖੁਸ਼ੀ ਤੇਜ਼ਾਬਾਂ ਸਿੰਜੀ
ਤ੍ਰਾਟਾਂ ਨੇ ਵਫਿਆਰੀਆਂ ਯਾਦਾਂ
ਭੇਖ ਵਟਾਏ ਜਿੰਦ-ਸਵਾਦਾਂ
ਕੇਹੀ ਛੱਲ ਸੁਭਾਅ ਨੇ ਮਾਰੀ
ਵਰ੍ਹਿਆਂ ਨਾਲ ਉਸਾਰੀ ਮਮਟੀ
ਤਿਲ ਤਿਲ ਜਾਂਦੀ ਖੁਰਦੀ।
ਨੰਗੀ ਹਵਾ ਹੈ ਠੁਰ ਠੁਰ ਕਰਦੀ।
ਤਾਂਘ ਲੂਹਰਦੀ, ਹਾਵੇ ਭਰਦੀ।

——

Namdhari Elibrary NamdhariElibrary@gmail.com

ਦੋ ਰੰਗ

ਗ਼ਜ਼ਲ

—ਮੁਰਸ਼ਦ ਬੁਟਰਵੀ

ਦੀਵਾਨੇ ਨੇ ਹੱਕੀ ਗੱਲ ਨਿਤਾਰੀ ਹੈ।
ਕੌਣ ਹੈ ਤੇਰਾ ਕਾਤਿਲ ਕੌਣ ਪੁਜਾਰੀ ਹੈ।

ਖਿੱਚੀ ਮੇਰੇ ਇਸ਼ਕ ਨੇ ਏਨੀ ਮਾਰੀ ਹੈ।
ਉਸ ਨੇ ਮੇਰੀ ਲਾਸ਼ ਤੇ ਜ਼ੁਲਫ ਸਵਾਰੀ ਹੈ।

ਤੇਰਾ ਹੈ ਆਕਾਰ ਮਿਰੇ ਆਕਾਰ ਦੇ ਵਿਚ,
ਮੇਰੇ ਸਿਰ ਦੇ ਨਾਲ ਤਿਰੀ ਸਰਦਾਰੀ ਹੈ।

ਓਧਰ ਭਬਕਾਂ ਭੂਤ ਭਰੋਸੇ ਭੂਮੀ ਦੇ,
ਏਧਰ ਕੱਲੀ ਇਕ ਮੌਲਾ ਦੀ ਯਾਰੀ ਹੈ।

ਹੁਸਨ ਕਹੇ ਕੱਲ ਵਾਰੀ ਸਿਰ ਸਿਰ ਵਾਰਾਂ ਗਾ,
ਇਸ਼ਕ ਕਹੇ ਹਰ ਵਾਰੀ ਮੇਰੀ ਵਾਰੀ ਹੈ।

ਦੀਵਾਨੇ ਨੇ ਹਰ ਔਕੜ ਨੂੰ ਜਿਤ ਲਿਆ,
ਬਾਜ਼ੀ ਆਖਰ ਸ਼ੇਖੀਬਾਜ਼ਾਂ ਹਾਰੀ ਹੈ,

ਸਰਘੀ ਵੇਲੇ ਤੇਜ਼ ਹਵਾ ਦੇ ਝੋਂਕੇ ਨੇ,
ਸੁਤੇ ਪਏ ਮਹਿਬੂਬ ਦੀ ਜ਼ੁਲਫ ਸਵਾਰੀ ਹੈ।

ਵਿਚ ਉਡੀਕਾਂ ਪੱਥਰ ਹੋਈਆਂ ਅਖੀਆਂ ਵਿਚ,
ਉਸ ਦੀ ਯਾਦ ਨੇ ਮੁਰਸ਼ਦ ਕਾਨੀ ਮਾਰੀ ਹੈ।

—

ਜਬ ਬੀ ਜਲਵੇ ਜ਼ਹੂਰ ਮੇਂ ਆਏ.
ਸਾਜ਼ੇ ਹਸਤੀ ਕੇ ਤਾਰ ਥ੍ਰਰਾਏ।

ਸਬ ਨੇ ਰੱਖੇ ਹੈਂ ਹਾਥ ਕਾਨੋਂ ਪਰ,
ਜ਼ਹਿਰੇ ਗ਼ਮ ਪੀ ਕੇ ਹਮ ਜੋ ਲਹਿਰਾਏ।

ਨਾਮਰਾਦੋਂ ਕੀ ਸਰਦ ਆਹੋਂ ਨੇ
ਪਥਰੋਂ ਕੇ ਜਿਗਰ ਭੀ ਪਿਗਲਾਏ

ਜ਼ਿੰਦਗੀ ਕੀ ਜਿਸੇ ਜ਼ਰੂਰਤ ਹੈ,
ਤੇਗ਼ੇ ਕਾਤਿਲ ਸੇ ਆਜ ਟਕਰਾਏ।

ਯੇ ਭੀ ਮੁਮਕਿਨ ਹੈ ਕਸਰੇ* ਸ਼ਾਹੀ ਕੋ,
ਉਸ ਕਾ ਆਪਣਾ ਵਜੂਦ ਖਾ ਜਾਏ।

ਡੱਸ ਨਾ ਜਾਏ ਹਯਾਤੇ**ਫਰਦਾਂ ਕੋ,
ਜ਼ਾਫਰਾਨੀ ਬਹਾਰ ਕੇ ਸਾਏ।

ਮਸਲਹਤ*** ਹੈ ਇਸੀ ਮੇਂ ਐ ਮੁਰਸ਼ਦ,
ਦੂਰ ਅਪਨੋਂ ਸੇ ਅਬ ਰਹਾ ਜਾਏ।

(ਅਕਾਸ਼ਵਾਣੀ ਜਲੰਧਰ ਦੇ ਧਨਵਾਦ ਸਹਿਤ)

*ਮਹੱਲ **ਭਲਕ ਦਾ ਜੀਵਨ ***ਭਲਾਈ

—

Namdhari Elibrary NamdhariElibrary@gmail.com

ਕਹਾਣੀ

ਬੇਵਸਾਹੀ

—ਜਸਵੰਤ ਸਿੰਘ ਵਿਰਦੀ

ਰਾਤ ਦੀ ਆਖਰੀ ਗੱਡੀ ਵੀ ਲੰਘ ਚੁਕੀ ਸੀ, ਤੇ ਮੁਸਾਫਰ ਲੋਕ ਘਰਾਂ ਵਲ ਚਲ ਪਏ ਸਨ ਪਰ ਰਾਤ ਦੀ ਗਸ਼ਤ ਤੇ ਨਿਕਲੇ ਹੋਏ ਸਿਪਾਹੀਆਂ ਨੇ ਵੇਖਿਆ ਕਿ ਸ਼ਰਾ-ਬੀਆਂ ਦੇ ਬਦਨਾਮ ਢਾਬੇ ਦੇ ਪਰਲੇ ਪਾਸੇ, ਟੋਏ ਵਲ ਜਾ ਰਹੀ ਨਿਵਾਣ ਕੋਲ ਇਕ ਬੰਦਾ ਹਾਲੇ ਤਕ ਵੀ ਲੁੜਕਿਆ ਪਿਆ ਸੀ, ਜਿਵੇਂ ਕਿ ਉਹਨੇ ਆਪਣੇ ਲਈ ਰਾਤ ਦਾ ਟਿਕਾਣਾ ਲਭ ਲਿਆ ਹੋਵੇ।

ਅਕਤੂਬਰ ਦੇ ਅੰਤਲੇ ਦਿਨ ਸਨ ਜਦੋਂ ਕਿ ਵਾਤਾ-ਵਰਣ ਵਿਚ ਠਰਨ ਦੀ ਖੁਨਕੀ ਵਧ ਜਾਂਦੀ ਤੇ ਬਿਸਤਰਾ ਸੁਹਾਣਾ ਜਾਪਣ ਲਗ ਪੈਂਦਾ ਹੈ। ਪਰ ਉਹ ਬੰਦਾ ਟੋਏ ਦੇ ਕਿਨਾਰੇ ਕੋਲ ਉਸੇ ਤਰ੍ਹਾਂ ਹੀ, ਰੜੇ 'ਚ ਪਿਆ ਸੀ।

ਹਾਲੇ ਪੁਲਿਸ ਵਾਲੇ ਉਸ ਪਾਸੇ ਵਲ ਵਧੇ ਵੀ ਨਹੀਂ ਸਨ, ਜਦੋਂ ਕਿ ਉਸ ਲੁੜਕੇ ਹੋਏ ਬੰਦੇ ਨੂੰ ਵੇਖ ਕੇ ਕੁਝ ਮੁਸਾਫਰਾਂ ਨੇ ਸਿਪਾਹੀਆਂ ਨੂੰ ਆਵਾਜ਼ ਦੇ ਕੇ ਬੁਲਾ ਲਿਆ। ਉਹ ਪਤਾ ਨਹੀਂ ਕੀ ਘੁਸਰ ਮੁਸਰ ਕਰ ਰਹੇ ਸਨ, ਪਰ ਜਦੋਂ ਸਿਪਾਹੀ ਨੇੜੇ ਗਏ ਤਾਂ ਲੋਕ ਚੁਪ ਕਰ ਗਏ :

'ਹਾਂ, ਕੀ ਐ ?' ਸਿਪਾਹੀ ਗਰਜੇ।

'ਜਨਾਬ ਇਹ ਬੰਦਾ ?'

'ਕੀ ਕਰੀਏ ਅਸੀਂ ਇਸ ਕੁੱਤੇ ਨੂੰ ?'

'ਜਨਾਬ ਕੁੱਤਾ ਨਹੀਂ, ਬੰਦਾ !'

'ਚਲੋ ਬੰਦਾ ਹੀ ਸਹੀ !'

'ਨਹੀਂ ਜੀ ! ਬੰਦਾ ਹੀ ਹੈ !'

'ਫੇਰ, ਅਸੀਂ ਕੀ ਕਰੀਏ ?'

'ਜਨਾਬ, ਇਹ ਮਰ ਰਿਹੈ !'

'ਪਰ ਸ਼ਹਿਰ ਦੇ ਅਮਨ ਲਈ ਰੁਕਾਵਟ ਤਾਂ ਨਹੀਂ ਬਣ ਰਿਹਾ ?'

'ਜੇਕਰ ਮਰ ਗਿਆ, ਫੇਰ ਤਾਂ ਬਣੇਗਾ ਹੀ......"

'ਕਿਵੇਂ ?'

'ਤੁਹਾਡੀਆਂ ਤੇ ਸਾਡੀਆਂ ਗਵਾਹੀਆਂ ਹੋਣਗੀਆਂ...'

ਇਕ ਸਿਪਾਹੀ ਗਰਜਿਆ— 'ਤੁਸੀਂ ਇਥੇ ਕੀ ਲੈਂਦੇ ਹੋ...? ਜਾਉ ਘਰਾਂ ਨੂੰ !'

'ਪਰ ਜਨਾਬ ਇਕ ਆਦਮੀ ਮਰ ਰਿਹੈ......ਤੇ...'

'ਪਰ ਇਹ ਤਾਂ ਸ਼ਰਾਬੀ ਐ।'

'ਸ਼ਰਾਬੀ ਹੋਕੇ ਵੀ ਤਾਂ ਬੰਦਾ, ਬੰਦਾ ਹੀ ਰਹਿੰਦੈ !'

'ਚਲੋ ਠੀਕ ਐ !'

'ਤਦੇ ਹੀ ਸਾਨੂੰ ਇਹਦੇ ਤੇ ਤਰਸ ਆ ਰਿਹੈ !'

'ਪਰ ਇਸ ਤਰ੍ਹਾਂ ਤਾਂ ਇਹ ਖੁਦਕਸ਼ੀ ਕਰ ਰਿਹੈ !'

'ਫੇਰ ਇਸ ਨੂੰ ਲੈ ਜਾਵੋ ਤੇ ਟੰਗ ਦਿਉ ਕਾਨੂੰਨ ਦੀ ਸਲੀਬ 'ਤੇ......'

'ਤੁਸੀਂ ਇਹਦੇ ਵਿਰੁਧ ਲਿਖਕੇ ਦਿਉ !

'ਪਰ ਅਸੀਂ ਇਹਦੇ ਵਿਰੋਧੀ ਤਾਂ ਨਹੀਂ !'

'ਹੋਰ ?'

'ਅਸੀਂ ਇਹਨੂੰ ਬਚਾਣਾ ਚਾਹੁੰਦੇ ਹਾਂ !'

'ਤੁਸੀਂ ਸਾਰੇ ਹੀ ਗਵਾਹੀਆਂ ਦਿਉ !' ਦੂਸਰੇ ਸਿਪਾਹੀ ਨੇ ਕਿਹਾ ਤਾਂ ਲੋਕ ਸੁੰਗੜਨ ਲਗ ਪਏ :

'ਫੇਰ ਤਾਂ ਇਹਦੇ ਨਾਲ ਅਸੀਂ ਵੀ ਖੱਜਲ ਹੋਵਾਂ ਗੇ !'

Namdhari Elibrary NamdhariElibrary@gmail.com

ਨਹੀਂ ਖੱਜਲ ਹੋਣਾਂ ਤਾਂ ਘਰਾਂ ਨੂੰ ਜਾਵੋ !'

ਕੋਈ ਰਬ-ਤਰਸ ਬੋਲਿਆ—'ਪਰ ਜਨਾਬ ! ਕਿਸੇ ਤਰ੍ਹਾਂ ਇਹਨੂੰ ਘਰ ਨਹੀਂ ਪਹੁੰਚਾਇਆ ਜਾ ਸਕਦਾ ?'

'ਕਿਉਂ ਨਹੀਂ !'

ਦੂਸਰਾ ਸਿਪਾਹੀ, ਜਿਹੜਾ ਪੁਲਿਸ ਵਿਚ ਆਉਣ ਤੋਂ ਪਹਿਲਾਂ ਸਮਾਜਭਲਾਈ ਮਹਿਕਮੇ ਵਿਚ ਸੀ, ਬੋਲਿਆ :

'ਮੇਰਾ ਵੀ ਇਹੋ ਹੀ ਖਿਆਲ ਸੀ, ਕਿ ਇਹਨੂੰ ਘਰ ਪਹੁੰਚਾ ਦਿਤਾ ਜਾਵੇ !'

ਦੂਸਰੇ ਸਿਪਾਹੀ ਨੇ ਕਿਹਾ : 'ਮੈਂ ਤਾਂ ਜਾਂਦਾਂ ! ਪਿਛਲੇ ਦਿਨੀਂ ਇਸੇ ਤਰ੍ਹਾਂ ਇਕ ਸ਼ਰਾਬੀ ਬੰਦੇ ਨੂੰ ਕਾਬੂ ਕਰਨਾ ਔਖਾ ਹੋ ਗਿਆ...... ਕੰਜਰ ਨਾਂ ਬਸ ਵਿਚ ਬੈਠੇ ਅਤੇ ਨਾ ਹੀ ਟੈਕਸੀ ਵਿਚ......ਫੇਰ ਉਹਨੂੰ ਲੱਦਣ ਲਈ ਟੱਰਕ ਕਰਨਾ ਪਿਆ ਸੀ...,

'ਪਰ ਇਹ ਤਾਂ ਸਾਊ ਈ ਜਾਪਦੈ, ਨਾਲੇ ਬੇਹੋਸ਼ ਪਿਐ !'

ਪਹਿਲੇ ਸਿਪਾਹੀ ਕਿਹਾ 'ਸ਼ਰਾਬੀ ਲੋਕ ਬੜੇ ਕੁੱਤੇ ਹੁੰਦੇ ਨੇ । ਹੁਣ ਇਹ ਬੇਹੋਸ਼ ਐ, ਪਰ ਪਲ ਭਰ ਨੂੰ ਇਹ ਰਾਜਨੀਤੀ ਦੀਆਂ ਗੱਲਾਂ ਕਰੇਗਾ.. ...ਤੇ ਫੇਰ ਘੜੀ ਭਰ ਨੂੰ ? ......ਚਲੋ ਛਡੋ ।' ਉਸ ਵੇਲੇ ਉਹ ਗੁਸੇ ਵਿਚ ਸੀ ਤੇ ਤੁਰੰਤ ਉਹਦਾ ਧਿਆਨ ਹੋਟਲ ਵਲ ਵੀ ਚਲਾ ਗਿਆ, ਜਿਥੇ ਬਹਿਕੇ ਲੋਕ ਦਾਰੂ ਪੀਂਦੇ ਤੇ ਫੇਰ ਲੁੜਕਦੇ ਸਨ । ਪਰ ਹੋਟਲ ਵਾਲੇ ਲੋਕਾਂ ਨੂੰ ਬੇਹੋਸ਼ ਕਰਕੇ ਹੁਣ ਤਕ ਘਰੀਂ ਜਾ ਬੈਠੇ ਸਨ । ...ਉਸ ਚੁਗਿਰਦੇ ਵਿਚ ਅਕਸਰ ਹੋਟਲ ਦੇ ਦੁਆਲੇ ਇਕ ਰਿਕਸ਼ੇਵਾਲਾ ਵੇਖਣ 'ਚ ਆਉਂਦਾ ਸੀ, ਜੋ ਕਿ ਸ਼ਰਾਬੀਆਂ ਨੂੰ ਘਰੀਂ ਪਹੁੰਚਾਣ ਵਿਚ ਖਾਸ ਮੁਹਾਰਤ ਰਖਦਾ ਸੀ, ਭਾਵੇਂ ਸ਼ਰਾਬੀ ਕਿੰਨਾ ਵੀ ਖਰੂਦੀ ਹੋਵੇ । ਪਰ ਸ਼ਰਤ ਇਹ ਸੀ ਕਿ ਉਹ ਪੂਰੇ ਪੰਜ ਰੁਪਏ ਲੈਂਦਾ ਸੀ । ਮੁਸਾਫਰਾਂ ਵਿਚੋਂ ਕੋਈ ਬੰਦਾ ਉਸ ਰਿਕਸ਼ੇਵਾਲੇ ਨੂੰ ਲਭ ਲਿਆਇਆ ਤੇ ਕੁਝ ਲੋਕਾਂ ਨੇ ਪੈਸਾ-ਪੈਸਾ ਕੱਠਾ ਕਰ ਕੇ ਰਿਕਸ਼ੇਵਾਲੇ ਨੂੰ ਤਿੰਨ-ਸਾਢੇ ਤਿੰਨ ਰੁਪਏ ਦੇ ਦਿਤੇ । ਇਕ ਸਿਪਾਹੀ ਵੀ ਰਿਕਸ਼ੇ ਨਾਲ ਸ਼ਰਾਬੀ ਦੇ ਘਰ ਤਕ ਜਾਣ ਲਈ ਤਿਆਰ ਹੋ ਗਿਆ । ਉਹ ਸੋਚ ਰਿਹਾ ਸੀ ਕਿ ਜੇਕਰ ਕਿਸੇ ਕਾਰਨ-ਵਸ ਸ਼ਰਾਬੀ ਦਾ ਕਤਲ ਹੋ ਗਿਆ, ਜਾਂ ਕਿਸੇ ਨੇ ਉਹਦਾ ਗਬਨ ਕਰ ਲਿਆ, ਤਦ ਵੀ ਉਹਨਾਂ ਦੀ ਹੀ ਪੁਛ ਪ੍ਰਤੀਤ ਹੋਣੀ ਹੈ; ਭਾਵੇਂ ਕਿ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਉਹਨਾਂ ਤੇ ਕਦੀ ਵੀ ਕੋਈ ਹਰਫ ਨਹੀਂ ਸੀ ਆਉਂਦਾ । 'ਚੁਕੋ, ਲਦੋ ਫੇਰ ਏਸ ਗਧੇ ਨੂੰ, ਘਰ ਸੁਟੀਏ !' ਸਿਪਾਹੀ ਨੇ ਲਲਕਾਰਿਆ।

ਕੁਝ ਲੋਕਾਂ ਦੀ ਮਦਦ ਨਾਲ ਰਿਕਸ਼ੇ ਵਾਲੇ ਨੇ ਸ਼ਰਾਬੀ ਨੂੰ ਚੁਕ ਕੇ ਰਿਕਸ਼ੇ ਵਿਚ ਸੁਟ ਲਿਆ ਪਰ ਉਸ ਨੂੰ ਸੀਟ 'ਤੇ ਬਿਠਾਣ ਦੀ ਬਜਾਏ ਉਹਨੇ ਉਹਦੀਆਂ ਲੱਤਾਂ ਨੂੰ ਸੀਟ ਵਲ ਕਰਕੇ ਪੈਰਾਂ ਨੂੰ ਰਿਕਸ਼ੇ ਦੇ ਪਿਛਲੇ ਪਾਸੇ ਵਲ ਬੰਨ੍ਹ ਲਿਆ, ਅਤੇ ਉਸਦੇ ਸਿਰ ਨੂੰ ਥੱਲੇ ਪੈਡਲਾਂ ਕੋਲ ਲਿਟਾ ਲਿਆ, ਜੋ ਕਿ ਕਦੀ ਇਕ ਪਾਸੇ ਵਲ ਲੁੜ੍ਹਕ ਜਾਂਦਾ ਸੀ ਤੇ ਫੇਰ ਦੂਸਰੇ ਪਾਸੇ ਵਲ ।

'ਹੁਣ ਇਹ ਠੀਕ ਐ ! ਘਰ ਪਹੁੰਚ ਜਾਵੇਗਾ ।' ਰਿਕਸ਼ੇ ਵਾਲੇ ਨੇ ਕਿਹਾ । ਸਿਪਾਹੀ ਨੇ ਕਿਹਾ :

'ਮੈਂ ਵੀ ਨਾਲ ਚਲਦਾ ਹਾਂ ।'

ਰਿਕਸ਼ੇ ਵਾਲਾ ਬੋਲਿਆ : 'ਕੋਈ ਲੋੜ ਨਹੀਂ ਜੀ, ਇਹ ਦਾ ਪਿਉ ਵੀ ਘਰ ਜਾਣੋਂ ਨਾਂਹ ਨਹੀਂ ਕਰ ਸਕਦਾ ।'

'ਜੇ ਇਹ ਕਿਤੇ ਰਾਹ 'ਚ ਹੀ ਰਹਿ ਗਿਆ ਤਾਂ ਫੇਰ ਤੂੰ ਕੀ ਕਰੇਂਗਾ ?'

'ਮੈਂ ਇਹਦੇ ਟੋਟੇ ਕਰ ਦਿਆਂਗਾ ।'

'ਫਸ ਗਿਆ ਨਾ ਫੇਰ ਤੂੰ ਵੀ ।'

'ਕਿਵੇਂ ਜੀ ?'

'ਇਹਦੇ ਘਰ ਵਾਲੇ ਫੇਰ ਤੈਨੂੰ ਬੰਨ੍ਹੀ ਫਿਰਨਗੇ । ਫੇਰ ਇਹ ਨਾ ਹੋਵੇ ਕਿ ਕਲ੍ਹ ਨੂੰ ਤੈਨੂੰ ਹੀ ਥਾਣੇ 'ਚ ਕੁਟਾਪਾ ਚੜ੍ਹ ਰਿਹਾ ਹੋਵੇ ।'

ਰਿਕਸ਼ੇ ਵਾਲੇ ਨੇ ਹੈਰਾਨੀ ਨਾਲ ਕਿਹਾ : 'ਪਰ ਇਹ ਚਲਾ ਕਿਥੇ ਜਾਵੇਗਾ ?'

'ਸ਼ਰਾਬੀ ਦਾ ਕੀ ਇਤਬਾਰ ਐ ?'

'ਤੁਸੀਂ ਚਿੰਤਾ ਨਾ ਕਰੋ ਜੀ !' ਰਿਕਸ਼ੇ ਵਾਲੇ ਨੇ ਦ੍ਰਿੜ੍ਹਤਾ ਨਾਲ ਕਿਹਾ—'ਮੈਂ ਵੱਡੇ ਵੱਡੇ ਸ਼ਰਾਬੀ ਵੇਖੇ ਹੋਏ ਨੇ...'

Namdhari Elibrary NamdhariElibrary@gmail.com

ਸਿਪਾਹੀ ਨੇ ਕਿਹਾ—'ਪਰ ਫੇਰ ਵੀ ਮੈਂ ਜਾਵਾਂਗਾ, ਤੇ ਇਹਦੇ ਘਰਦਿਆਂ ਨੂੰ ਵਾਰਨਿੰਗ ਦਿਆਂਗਾ !'

ਦੂਸਰਾ ਸਿਪਾਹੀ ਬੋਲਿਆ – 'ਚੰਗਾ, ਤੂੰ ਜਾਹ ਇਸ ਸੂਰ ਨਾਲ ! ਮੈਂ ਇਥੇ ਹੀ ਗਸ਼ਤ ਕਰਦਾ ਹਾਂ, ਤੇਰੇ ਆਉਂਣ ਤਕ ! ਗਧੇ ਨੇ ਸਾਡੀ ਰਾਤ ਤਬਾਹ ਕਰ ਦਿਤੀ !'

ਸਿਪਾਹੀ ਦੇ ਨਾਲ-ਨਾਲ ਹੀ ਰਿਕਸ਼ਾ ਵੀ ਟੁਰ ਪਿਆ ਤਾਂ ਸ਼ਰਾਬੀ ਦੀ ਜਕੜੀ ਹੋਈ ਸਥਿਤੀ ਨੂੰ ਵੇਖਕੇ ਲੋਕ ਹੱਸ ਪਏ। ਫੇਰ ਹੱਸ ਪਏ।

ਦੂਸਰੇ ਸਿਪਾਹੀ ਨੇ ਟਿਚਰ ਨਾਲ ਕਿਹਾ –'ਉਹਨੂੰ ਵਖਤ 'ਚ ਪਾਕੇ ਹੁਣ ਕੰਜਰ ਹਸਦੇ ਨੇ !'

ਲੋਕ ਚੁਪ ਕਰ ਗਏ। ਪਰ, ਜਦੋਂ ਸ਼ਰਾਬੀ ਨਾਲ ਲਦਿਆ ਹੋਇਆ ਰਿਕਸ਼ਾ ਸ਼ਹਿਰ ਦੀ ਸੜਕੇ ਚਲ ਪਿਆ ਤਾਂ ਸਟੇਸ਼ਨ ਵਲੋਂ ਮਟਕਦੇ ਜਾ ਰਹੇ ਕੁਝ ਮਨਚਲੇ ਲੋਕ, ਸ਼ਰਾਬੀ ਨੂੰ ਤਕ ਕੇ ਠਠੰਬਰ ਗਏ। ਘੁਟ-ਘੁਟ ਉਨ੍ਹਾਂ ਦੇ ਮੂੰਹ ਨੂੰ ਵੀ ਲਗੀ ਹੋਈ ਸੀ। ਪਰ ਫੇਰ ਵੀ ਉਨ੍ਹਾਂ ਨੇ ਰਿਕਸ਼ੇ ਵਾਲੇ ਨੂੰ ਰੋਕ ਕੇ ਸਿਪਾਹੀ ਨੂੰ ਬੇਨਤੀ ਕੀਤੀ ਕਿ ਰਿਕਸ਼ੇ ਵਿਚਲਾ ਸ਼ਰਾਬੀ ਕੋਈ ਭੈੜਾ ਬੰਦਾ ਨਹੀਂ ਇਸ ਲਈ ਉਹਨੂੰ ਕੁਤਵਾਲੀ ਨਾ ਲਿਜਾਇਆ ਜਾਵੇ।

'ਮੈਂ ਇਹਦੇ ਕੋਲੋਂ ਮਾਂਹ ਬਿਜਵਾਉਣੇ ਨੇ ?' ਸਿਪਾਹੀ ਨੇ ਰੁਖੇਪਨ ਨਾਲ ਜਵਾਬ ਦਿਤਾ।

'ਅਸੀਂ ਇਹਦੇ ਕੋਲੋਂ ਇਥੇ ਹੀ ਮਾਫੀ ਮੰਗਵਾ ਦਿੰਦੇ ਹਾਂ ਜਨਾਬ !'

'ਮੰਗਵਾਉ ਫੇਰ !' ਸਿਪਾਹੀ ਨੇ ਮੁਸਕਰਾਕੇ ਕਿਹਾ; ਪਰ ਕੋਈ ਬੰਦਾ ਉਸ ਸ਼ਰਾਬੀ ਨੂੰ ਬੁਲਾ ਸਕਣ ਵਿਚ ਸਫਲ ਨਾ ਹੋਇਆ।

'ਮੈਂ ਇਹਨੂੰ ਬੂਰੇ ਦੇ ਘਰ ਤਕ ਪਹੁੰਚਾ ਕੇ ਛਡਾਂਗਾ !' ਸਿਪਾਹੀ ਨੇ ਉਨ੍ਹਾਂ ਲੋਕਾਂ ਨੂੰ ਕਿਹਾ। ਉਨ੍ਹਾਂ ਵਿਚੋਂ ਇਕ ਬੋਲਿਆ 'ਕਿਉਂ ਹਜ਼ੂਰ ! ਕੁਤਵਾਲੀ ਨੂੰ ਹੁਣ ਬੂਰੇ ਦਾ ਘਰ ਕਹਿਣ ਲਗ ਪਏ ਨੇ ?

ਸਿਪਾਹੀ ਵੀ ਮਸਤੀ ਵਿਚ ਆ ਗਿਆ—'ਨਹੀਂ, ਕੁਤਵਾਲੀ ਤਾਂ ਤੁਹਾਡੇ ਪਿਉ ਦਾ ਘਰ ਐ ! ਇਹ ਕੁੱਤਾ ਆਪਣੇ ਘਰ ਜਾਵੇਗਾ !'

ਸਿਪਾਹੀ ਦੀ ਲਲਕਾਰ ਸੁਣਕੇ ਉਹ ਲੋਕ ਠਰ ਗਏ। ਉਹ ਕੁਝ ਬੋਲਣਾ ਚਾਹੁੰਦੇ ਹੋਏ ਵੀ ਨਾ ਬੋਲ ਸਕੇ !

ਜਦੋਂ ਰਿਕਸ਼ਾ ਅਗਲੇ ਖੰਬੇ ਕੋਲ ਚਲਾ ਗਿਆ ਤਾਂ ਇਕ ਬੰਦਾ ਬੜੀ ਚਿੰਤਾ ਨਾਲ ਬੋਲਿਆ—'ਤੁਸੀਂ ਵੇਖ ਲੈਣਾ ! ਇਹ ਉਹਨੂੰ ਕੁਤਵਾਲੀ ਲਿਜਾਕੇ ਕੁਟਾਪਾ ਚਾੜ੍ਹੇਗਾ !'

'ਕੁਟਾਪਾ ਤਾਂ ਇਥੇ ਵੀ ਚਾੜ੍ਹ ਸਕਦਾ ਸੀ !'

'ਪਰ ਕੁਤਵਾਲੀ 'ਚ ਫੇਰ ਵੀ ਪਰਦਾਦਾਰੀ ਹੁੰਦੀ ਐ...ਇਥੇ ਤਾਂ ਮੁਹੱਲੇ ਨੇ ਜਾਗ ਪੈਣਾ ਸੀ !'

'ਫੇਰ ਵੀ ਲੋਕਾਂ ਨੇ ਕੀ ਕਰ ਲੈਣਾ ਸੀ ?'

'ਲੋਕਾਂ ਨੇ ਅਜ ਤਕ ਕੀਤਾ ਹੀ ਕੀ ਹੈ ?'

'ਮੌਰ ਕੁਟਵਾਏ ਨੇ ਪੁਲਿਸ ਕੋਲੋਂ !'

'ਇਹ ਕਿਤੇ ਕਾਨੂੰਨ ਵਿਚ ਲਿਖਿਆ ਹੋਇਆ ਹੋਵੇਗਾ !'

'ਪਤਾ ਨਹੀਂ !'

ਪਤਾ ਕਿਉਂ ਨਹੀਂ ! ਹੋਰ ਦੇਸਾਂ ਵਿਚ ਪੁਲਿਸ ਵਾਲੇ ਅਪਰਾਧ ਸਾਬਿਤ ਕਰਕੇ ਬੰਦਾ ਫੜਦੇ ਨੇ, ਪਰ ਇਥੇ ਬੰਦੇ ਨੂੰ ਫੜ ਕੇ ਅਪਰਾਧ ਸਾਬਿਤ ਕਰਵਾਇਆ ਜਾਂਦਾ ਹੈ !'

'ਕੀ ਵਿਦੇਸ਼ੀਆਂ ਨੂੰ ਇਸ ਵਧੀਆ ਤਰੀਕੇ ਦਾ ਨਹੀਂ ਪਤਾ ਲਗਾ !'

'ਮੇਰਾ ਖਿਆਲ ਐ, ਨਹੀਂ ਹਾਲੇ !'

ਕਿਸੇ ਹੋਰ ਨੇ ਕਿਹਾ—'ਕੁਝ ਵੀ ਹੋਵੇ, ਮੈਨੂੰ ਸ਼ਰਾਬੀ ਨਾਲ ਹਮਦਰਦੀ ਐ !'

'ਕਦੀ ਕਦੀ ਤੇਰਾ ਵੀ ਇਹੋ ਹੀ ਹਾਲ ਹੋ ਜਾਂਦੈ, ਹੈ ਨਾ !

'ਇਹਦੇ 'ਚ ਵੀ ਇਕ ਮਜ਼ਾ ਹੈ ਪਿਆਰੇ !'

'ਜੇਕਰ ਮੈਨੂੰ ਵੀ ਸਿਪਾਹੀ ਇਸੇ ਤਰ੍ਹਾਂ ਘਰ ਤਕ ਛਡ ਆਇਆ ਕਰਨ, ਤਾਂ ਮੈਂ ਵੀ...ਐਸ਼ ਕਰਾਂ !'

'ਪਰ ਸਾਡੀ ਪੁਲਿਸ ਨੇ ਇਹ ਰੋਲ ਕਦੋਂ ਦਾ ਅਪਨਾ ਲਿਆ ?'

'ਮੈਂ ਕਿਹਾ ਨਾ, ਕੁਤਵਾਲੀ 'ਚ ਜਾਕੇ ਉਹਦੇ ਮੌਰ ਸੇਕਣਗੇ !'

Namdhari Elibrary NamdhariElibrary@gmail.com

ਫੇਰ ਮੈਂ ਨਹੀ ਕੁਟ ਖਾਣ ਲਈ ਤਿਆਰ !'

'ਸਕੂਲ 'ਚ ਨਹੀਂ ਸੀ ਖਾਧੀ ਕੁੱਟ ?'

'ਸਕੂਲ ਅਤੇ ਕੁਤਵਾਲੀ ਵਿਚ ਤਾਂ ਫਰਕ ਹੈ ਨਾ !'

ਪਰ, ਫੇਰ ਪਤਾ ਨਹੀਂ ਉਹ ਕਿਹੜੀ ਗੱਲ 'ਤੇ ਹੋ-ਹੋ ਕਰਕੇ ਹੱਸ ਪਏ, ਅਤੇ ਫੇਰ ਹਨੇਰੀਆਂ ਗਲੀਆਂ ਵਿਚੀਂ ਪਤਾ ਨਹੀਂ ਕਿਹੜੇ ਘਰੀਂ ਜਾ ਲੁਕੇ !'

ਭੀੜੀਆਂ ਗਲੀਆਂ ਵਿਚੀ ਹੁੰਦਾ ਹੋਇਆ ਰਿਕਸ਼ੇ ਵਾਲਾ, ਲੋਕਾਂ ਕੋਲੋਂ ਉਸ ਸ਼ਰਾਬੀ ਦੇ ਘਰ ਦਾ ਪਤਾ ਪੁਛਦਾ ਹੋਇਆ ਜਦੋਂ ਘੁੱਪ ਹਨੇਰੇ ਵਿਚ ਸ਼ਰਾਬੀ ਦੇ ਘਰ ਅਗੇ ਪੁਜਾ ਤਾਂ ਸਿਪਾਹੀ ਦੀ ਲਲਕਾਰ ਨਾਲ ਘਰ ਵਾਲੇ ਬਾਹਰ ਨਿਕਲਕੇ, ਸਿਪਾਹੀ ਤੇ ਸ਼ਰਾਬੀ ਦੀ ਹਾਲਤ ਨੂੰ ਵੇਖ ਕੇ ਹੈਰਾਨ ਰਹਿ ਗਏ ।

'ਜਰੂਰ ਕੋਈ ਭਾਣਾ ਵਰਤ ਗਿਆ ਹੋਣੈਂ !' ਘਰ ਦੀ ਮਾਲਕਿਨ ਨੇ ਤੁਰੰਤ ਸੋਚ ਲਿਆ । ਪਰ ਫੇਰ ਜਦੋਂ ਉਹਨੇ ਖਾਵੰਦ ਵਲ ਗਹੁ ਨਾਲ ਤਕਿਆ ਤਾਂ ਉਹਦਾ ਸਾਹ ਚਲਦਾ ਸੀ, ਅੱਖਾਂ ਵੀ ਕਿਸੇ-ਕਿਸੇ ਵੇਲੇ ਖੁਲ੍ਹਦੀਆਂ ਸਨ, ਅਤੇ ਚਿਹਰੇ 'ਤੇ ਵੀ ਕਾਲਖ ਵਰਗਾ ਪ੍ਰਭਾਵ ਨਹੀਂ ਸੀ ।

ਘਰ ਦੀ ਸੁਆਣੀ ਨੂੰ ਸੁਣਾ ਕੇ ਸਿਪਾਹੀ ਨੇ ਜ਼ੋਰ ਨਾਲ ਕਿਹਾ —'ਸਾਂਭੋ ਆਪਣਾ ਬੰਦਾ । ਗਲੀਆਂ-ਬਾਜ਼ਾਰਾਂ 'ਚ ਗੰਦ ਪਾਉਂਦਾ ਫਿਰਦਾ ਸੀ ।'

ਸਿਪਾਹੀ ਦੀ ਲਲਕਾਰ ਦੇ ਨਾਲ ਹੀ ਆਲੇ-ਦੁਆਲੇ ਦੇ ਘਰਾਂ ਦੀਆਂ ਕੁਝ ਕੁ ਖਿੜਕੀਆਂ ਖੁਲ੍ਹੀਆਂ ਤੇ ਫੇਰ ਪਲਾਂ 'ਚ ਹੀ ਬੰਦ ਹੋ ਗਈਆਂ । ਜਿਵੇਂ ਉਹਨਾਂ ਦੇ ਤਕਣ ਲਈ ਕੋਈ ਖਾਸ ਦ੍ਰਿਸ਼ ਨਾ ਹੋਵੇ ।

ਸ਼ਰਾਬੀ ਦੀ ਘਰ ਵਾਲੀ ਨੇ ਸਿਪਾਹੀ ਨੂੰ ਕਿਹਾ ਕਿ ਉਹਦਾ ਮਾਲਿਕ ਏਡਾ ਭੈੜਾ ਬੰਦਾ ਨਹੀਂ ਹੈ । ਕੋਈ ਕੇਸ ਨਾ ਬਣਾ ਦਿਉ, ਨਹੀਂ ਤਾਂ ਉਸ ਦੀ ਨੌਕਰੀ ਚਲੀ ਜਾਵੇਗੀ ।

ਸਿਪਾਹੀ ਨੇ ਵੇਖਿਆ, ਘਰ ਦੀ ਸੁਆਣੀ ਬੜੀ ਸਾਊ, ਪਤੀ ਦੀ ਆਗਿਆਕਾਰ ਅਤੇ ਨਿਮਰਤਾ ਵਾਲੀ ਜਾਪਦੀ ਸੀ । ਉਹ ਤੁਰਤ ਸੋਚ ਗਿਆ ਕਿ ਇਸ ਤਰ੍ਹਾਂ ਦੀਆਂ ਜ਼ਨਾਨੀਆਂ ਦੀ ਹਲੀਮੀ ਕਾਰਣ ਹੀ ਆਦਮੀ ਬਿਗੜ ਜਾਂਦੇ ਨੇ।......ਸੁਆਣੀ ਦੀ ਬੇਚੈਨੀ ਨੂੰ ਮਹਿਸੂਸ ਕਰਕੇ ਸਿਪਾਹੀ ਮੁਸਕਰਾਇਆ :

'ਨੌਕਰੀ ਦੀ ਇਹਨੂੰ ਨਹੀਂ ਚਿੰਤਾ ?'

'ਹੈ ਵੇ......ਹੈ ਕਿਉਂ ਨਹੀਂ ।'

'ਤਦੇ ਹੀ........'

'ਬਸ ਕਦੀ-ਕਦੀ ਇਹਨਾਂ ਦਾ ਇਹ ਹਾਲ ਹੋ ਜਾਂਦੈ ।'' ਘਰ ਵਾਲੀ ਨੇ ਜ਼ਨਾਨੀਆਂ ਵਾਂਗ ਆਪਣੇ ਖਾਵੰਦ ਵਲੋਂ ਸਫਾਈ ਦਿਤੀ । ਘਰ ਦੇ ਬਚੇ ਡੁਸਕਣ ਲਗ ਪਏ ਸਨ । ਉਹਨਾਂ ਨੂੰ ਚਿੰਤਾ ਸੀ ਕਿ ਪਤਾ ਨਹੀਂ ਹੁਣੇ ਹੀ ਕੀ ਹੋ ਜਾਵੇ । ਘਰ ਦੀ ਮਾਲਕਿਨ ਨੇ ਬਚਿਆਂ ਨੂੰ ਘੂਰ ਕੇ ਕਿਹਾ—'ਚੁਪ ਕਰੋ ।...ਤੁਸੀਂ ਹੁਣ ਰੋਣ ਲਗੇ ਹੋ ! ਮੈਂ ਪਿਛਲੇ ਵੀਹ ਵਰ੍ਹਿਆਂ ਤੋਂ ਰੋ ਰਹੀ ਹਾਂ !' ਪਰ ਹੁਣ ਉਹਦੀਆਂ ਅੱਖਾਂ ਵਿਚ ਅਥਰੂ ਨਹੀਂ ਸਨ ।

ਸਿਪਾਹੀ ਸ਼ਰਾਬੀ ਦੇ ਘਰ ਵਾਲਿਆਂ ਨੂੰ ਕਹਿਣ ਲਈ ਬਹੁਤ ਕੁਝ ਸੋਚ ਕੇ ਆਇਆ ਸੀ, ਪਰ ਹੁਣ ਉਹਨੇ ਖਾਮੋਸ਼ ਰਹਿਣਾ ਹੀ ਬਿਹਤਰ ਸਮਝਿਆ......ਹਾਲਾਂ ਕਿ ਉਹਦੇ ਮੂੰਹ 'ਚ ਬੜੇ ਕਰਾਰੇ ਫਿਕਰੇ ਕੁਲਬੁਲਾ ਰਹੇ ਸਨ।

ਰਿਕਸ਼ੇ ਵਾਲੇ ਨੇ ਬਚਿਆਂ ਨੂੰ ਨਾਲ ਲੈ ਕੇ ਉਹਨਾਂ ਦੇ ਪਿਉ ਨੂੰ ਕਮਰੇ ਅੰਦਰ ਲਿਟਾ ਦਿਤਾ ਤੇ ਆਪਣੇ ਰਾਹ ਪਿਆ । ਫੇਰ, ਜਦੋਂ ਸਿਪਾਹੀ ਵੀ ਕੁਝ ਕਹੇ ਬਗੈਰ, ਕੇਵਲ ਮੁਸਕਰਾ ਕੇ ਟੁਰ ਗਿਆ ਤਾਂ ਘਰ ਦੇ ਸਾਰੇ ਹੀ ਜੀਅ ਇਕ ਵਾਰ ਫੇਰ ਹੈਰਾਨ ਰਹਿ ਗਏ । ਘਰ ਵਾਲੀ ਆਪਣੇ ਮਾਲਿਕ ਦੇ ਹੱਡ ਪਲੋਸਣ ਲਗ ਪਈ ਕਿ ਸਿਪਾਹੀ ਨੇ ਘੁਟਾਪੇ ਨਾਲ ਉਹਦੇ ਮੌਰ ਤਾਂ ਨਹੀਂ ਸੇਕ ਦਿਤੇ । ਉਹ ਨੂੰ ਪੂਰਾ ਵਿਸ਼ਵਾਸ ਸੀ ਕਿ ਕੁਤਵਾਲੀ ਵਾਲਿਆਂ ਨੇ ਜ਼ਰੂਰ ਹੀ ਉਹਦੀ ਮੁਰੰਮਤ ਕੀਤੀ ਹੋਵੇਗੀ ।......ਇਹ ਬੜੇ ਭੈੜੇ ਲੋਕ ਨੇ ।

ਸਿਪਾਹੀ ਦੇ ਜਾਣ ਮਗਰੋਂ ਸ਼ਰਾਬੀ ਨੇ ਵੀ ਘਰ ਵਾਲਿਆਂ ਨੂੰ ਕਿਹਾ ਕਿ ਸਿਪਾਹੀ ਨੇ ਜ਼ਰੂਰ ਉਹਦੇ ਕਪੜੇ ਲਾਹ ਲਏ ਹੋਣਗੇ : ''ਮੈਨੂੰ ਤਾਂ ਹੋਸ਼ ਹੀ ਨਹੀਂ, ਮੇਰੇ ਵਲ ਗਹੁ ਨਾਲ ਵੇਖੋ, ਮੇਰੇ ਸਰੀਰ 'ਤੇ ਕਪੜੇ ਹੈਨ ਕਿ ਨਹੀਂ ?'

ਸਾਰੇ ਹੀ ਘਰ ਦੇ ਬੇਚੈਨੀ ਨਾਲ ਉਹਦੇ ਵਲ ਤਕਣ ਲਗ ਪਏ । ਉਹ ਠੀਕ ਠਾਕ ਹੀ ਸੀ, ਜਿਸ ਤਰ੍ਹਾਂ ਦੇ ਕਿ ਸ਼ਰਾਬੀ ਹੁੰਦੇ ਹੀ ਨੇ । ਪਰ ਕੋਈ ਵੀ ਕੁਝ ਨਾ ਬੋਲਿਆ ।

ਫੇਰ. ਪਲ ਭਰ ਮਗਰੋਂ ਜਦੋਂ ਉਹਦੀਆਂ ਅੱਖਾਂ ਪੂਰੀ ਸ਼ਿਦੱਤ ਨਾਲ ਮੁੰਦ ਰਹੀਆਂ ਸਨ, ਤਾਂ ਉਹ ਬੁਦਬੁਦਾ ਰਿਹਾ ਸੀ :

ਉਂ ਤਾਂ ਮੈਂ ਵੀ ਸਭ ਕੁਝ ਸਮਝਦਾ ਵਾਂ ।...ਮੈਨੂੰ ਨਿਰਾ ਸ਼ਰਾਬੀ ਹੀ ਨਾ ਸਮਝਿਉ ।'

Namdhari Elibrary NamdhariElibrary@gmail.com

ਕਹਾਣੀ

ਚਾਨਣ ਅਤੇ ਅੰਨੇਰਾ

—ਤੇਲੂ ਰਾਮ ਕੁਹਾੜਾ

ਭਗਵੰਤ ਵੀ ਲੋਕਾਂ ਵਿਚ ਬੈਠਾ ਟੈਲੀਵੀਜਨ ਉਤੇ ਨਾਟਕ ਦੇਖ ਰਿਹਾ ਸੀ। ਉਹ ਜਿਉਂ, ਜਿਉਂ ਨਾਟਕ ਦੇਖਦਾ ਗਿਆ, ਉਸਦੇ ਸਰੀਰ ਵਿਚ ਝਰਨਾਹਟਾਂ ਜਿਹੀਆਂ ਛਿੜ-ਦੀਆਂ ਗਈਆਂ। ਉਹ ਕਈ ਵਾਰੀ ਸੋਚਦਾ "ਲਿਖਣ ਵਾਲੇ ਨੇ ਵੀ ਕਮਾਲ ਕਰ ਦਿੱਤੀ, ਸਾਡੇ ਦੋਹਾਂ ਭਰਾਵਾਂ ਦੀ ਕਹਾਣੀ ਹੀ ਲਿਖ ਦਿਤੀ ਹੈ।" ਫਿਰ ਉਸਦੀਆਂ ਅੱਖਾਂ ਨਾਟਕ ਦਾ ਇਕ ਦ੍ਰਿਸ਼ ਝੱਲ ਨਾ ਸਕੀਆਂ, ਜਿਸ ਵਿਚ ਇਕ ਭਰਾ ਦੂਜੇ ਭਰਾ ਨੂੰ ਕਤਲ ਕਰਨ ਲਈ ਗੁੰਡੇ ਲਿਆਕੇ ਘੇਰਾ ਪਾ ਲੈਂਦਾ ਹੈ। ਉਹ ਇਕ ਦਮ ਉਠਿਆ। ਬੈਠਕ ਵਿਚ ਜਾ ਵੜਿਆ ਉਸ ਕੋਲੋਂ ਆਪਣਾ ਆਪ ਸੰਭਾਲਿਆ ਨਾ ਗਿਆ। ਅੰਦਰ ਵੜਦਿਆਂ ਹੀ ਮੰਜੇ ਉਤੇ ਜਾ ਡਿਗਿਆ। ਕੁਝ ਪਲ ਪਿਛੋਂ, ਪਏ ਨੇ ਹੀ ਪਲਕਾਂ ਖੋਲ੍ਹੀਆਂ। ਸਾਹਮਣੀ ਦੀਵਾਰ ਨਾਲ ਉਸ ਦੇ ਬਾਪੂ ਦੀ ਤਸਵੀਰ ਮੁਸਕਰਾ ਰਹੀ ਸੀ। ਉਸਦੇ ਕੰਬਦੇ ਬੁਲ੍ਹਾਂ ਵਿਚੋਂ ਅਚੇਤ ਹੀ ਨਿਕਲ ਗਿਆ "ਬਾਪੂ"।

ਸੂਰਜ ਸਫਰ ਮੁਕਾ ਕੇ ਚਲਿਆ। ਪੱਛਮ ਦੀ ਦਿਸ਼ਾ ਨੂੰ ਜਿਵੇਂ ਅੱਗ ਲੱਗੀ ਹੋਵੇ। ਪੰਛੀ ਵਿਹੜੇ ਵਿਚ ਖੜੀ ਟਾਹਲੀ ਉਤੇ ਆਪਣੇ ਆਲ੍ਹਣੇ ਸੰਭਾਲਣ ਲਗੇ। ਪਰ, ਭਗ-ਵੰਤ ਤੇ ਜਸਵੰਤ ਦਾ ਬਾਪੂ ਤਾਂ ਆਪਣਾ ਆਲ੍ਹਣਾ ਛੱਡ ਰਿਹਾ ਸੀ—ਕਿਸੇ ਅਦਿੱਸ ਮੰਜ਼ਿਲ ਵੱਲ ਉਡਾਰੀ ਭਰਨ ਲਈ।

ਪੱਛਮ ਦੀ ਗੁਲਾਬੀ ਰੰਗਤ ਪਲਾਂ ਵਿਚ ਅਲੋਪ ਹੋ ਗਈ। ਦੂਰ ਗੁਰਦੁਆਰੇ ਦੀ ਘੜਿਆਲ ਵੱਜੀ। ਮੰਦਿਰ ਵਲੋਂ ਸੰਖ ਦੀ ਆਵਾਜ਼ ਆਈ। ਭਗਵੰਤ ਤੇ ਜਗਵੰਤ ਦੇ ਬਾਪੂ ਨੇ ਇਸ਼ਾਰਾ ਕਰਕੇ ਦੋਹਾਂ ਪੁਤਰਾਂ ਨੂੰ ਕੋਲ ਸੱਦਿਆ। ਪੂਰਾ ਜ਼ੋਰ ਲਾ ਕੇ ਆਖਣਾ ਸ਼ੁਰੂ "ਜੱਗੇ, ਭਗਵੰਤ ਦੇ ਸਿਰ ਤ ਤੂੰ ਹੀ ਹੱਥ ਰੱਖਣਾ ਏਂ......।" ਤੇ ਫਿਰ ਮਜੇ ਦੁਆਲੇ ਬੈਠ ਸਭ ਦੀਆਂ ਅੱਖਾਂ ਵਿਚ ਹੰਝੂ ਸਨ।

ਜੱਗਾ ਭਾਵੇਂ ਉਮਰ ਵਿਚ ਵੱਡਾ ਸੀ ਪਰ, ਭਗਵੰਤ ਸਿਰ ਘਰ ਦੀ ਜ਼ਿਆਦਾ ਜ਼ੁੰਮੇਂਵਾਰੀ ਸੀ। ਜਿਥੇ ਭਗਵੰਤ ਘਰਦੇ ਸਾਰੇ ਕੰਮਾਂ ਦੀ ਦੇਖ ਭਾਲ ਕਰਦਾ, ਉਥੇ ਜੱਗਾ ਘਰਦੇ ਕੰਮਾਂ ਬਾਬਤ ਕਦੇ ਸੋਚਦਾ ਵੀ ਨਹੀਂ ਸੀ। ਭਗਵੰਤ ਜਿੰਨਾ ਖੇਤੀ ਦੇ ਕੰਮ ਵਿਚ ਖੁਭਿਆ ਰਹਿੰਦਾ ਜੱਗਾ ਉਤਨਾ ਹੀ ਸ਼ਰਾਬੀਆਂ ਦੀ ਮਹਿਫਲ ਵਿਚ ਮਸਤ ਰਹਿੰਦਾ। ਪੀ, ਪੀ ਕੇ ਜਿਥੇ ਉਹ ਪੈਸੇ ਦਾ ਨਾਸ ਕਰ ਰਿਹਾ ਸੀ, ਉਥੇ ਉਹ ਉਂਝ ਵੀ ਜਵਾਨੀ ਵਿਚ ਬੁੱਢਾ ਨਜ਼ਰ ਆਉਂਦਾ ਸੀ। ਲੜਾਈ ਝਗੜੇ ਉਸਦੇ ਜੀਵਨ ਦਾ ਅੰਗ ਬਨ ਗਏ। ਕਈ ਵਾਰੀ ਪੰਚਾਇਤ ਵਿਚ ਜਾ ਕੇ ਜੱਗੇ ਦੀਆਂ ਕਰਨੀਆਂ ਭਗਵੰਤ ਕਈ ਵਾਰੀ ਉਸਨੂੰ ਸਮਝਾਉਂਦਾ ਪਰ ਉਸਦੇ ਕੰਨ ਉੱਤੇ ਜੂੰ ਤੱਕ ਨਾ ਸਰਕਦੀ। ਜੱਗਾ ਤਾਂ ਆਪਣੇ ਬਾਪੂ ਦੇ ਜਿਉਂਦਿਆਂ ਹੀ ਕੁਰਾਹੇ ਪੈ ਚੁੱਕਾ ਸੀ। ਕਈ ਵਾਰੀ ਉਸਨੇ ਆਪਣੇ ਸ਼ਰੀਕਾਂ ਉਤੇ ਰੋਹਬ ਪਾਉਣ ਲਈ ਬਕਰੇ ਬੁਲਾਏ ਸਨ। ਡਾਂਗਾਂ ਖੜਕਾਈਆਂ ਸਨ। ਕਈ ਵਾਰ ਆਪਣੇ ਬਾਪੂ ਦੀਆਂ ਪੰਚਾਇਤ ਵਿਚ ਪੇਸ਼ੀਆਂ ਪੁਆਈਆਂ ਸਨ।

ਪਰ, ਹੁਣ ਨਾ ਉਸਨੂੰ ਆਪਣੇ ਬਾਪੂ ਦਾ ਕੋਈ ਮਾੜਾ

Namdhari Elibrary NamdhariElibrary@gmail.com

ਮੋਟਾ ਭੈਅ ਸੀ, ਨਾ ਭਗਵੰਤ ਤੇ ਪਿਆਰ ਦਾ ਖਿਆਲ... ਨਾ ਆਪਣੀ ਇੱਜ਼ਤ ਦਾ ਕੋਈ ਸਵਾਲ।

ਰਾਤ ਕਿੰਨੀ ਹੀ ਬੀਤ ਗਈ। ਪਰ, ਜੱਗਾ ਅਜੇ ਤੱਕ ਘਰ ਨਹੀਂ ਸੀ ਪਰਤਿਆ, ਸਾਰੇ ਘਰ ਦੇ ਗ਼ਮ ਦੇ ਖੂਹ ਵਿਚ ਡੁੱਬੇ ਹੋਏ ਸਨ। ਨਾ ਕਿਸੇ ਨੂੰ ਨੀਂਦ ਆਈ, ਨਾ ਕਿਸੇ ਨੂੰ ਚੈਨ। ਭਗਵੰਤ ਵੀ ਬੇਚੈਨ ਹੋਇਆ ਬਿਸਤਰੇ 'ਤੇ ਪਾਸੇ ਮਾਰਦਾ ਰਿਹਾ। ਉਹ ਕਈ ਵਾਰੀ ਸੋਚਦਾ "ਅੱਜ ਫੇਰ ਨਾ ਕੋਈ ਕਾਰਾ ਕਰ ਆਵੇ...ਪਿਛਲੀਆਂ ਫਸੀਆਂ ਹੀ ਨਹੀਂ ਨਿਬੜਦੀਆਂ।" ਉਹ ਸੋਚ ਹੀ ਰਿਹਾ ਸੀ ਟੋਭੇ ਵੱਲੋਂ ਗੋਲੀ ਚੱਲਣ ਦੀ ਆਵਾਜ਼ ਨੇ, ਸੁੱਤੀ ਰਾਤ ਨੂੰ ਜਿਵੇਂ ਜਗਾ ਦਿੱਤਾ ਹੋਵੇ। ਭਗਵੰਤ ਦਾ ਦਿਲ ਤੇਜ਼ ਧੜਕਣ ਲੱਗਿਆ। ਉਸਦਾ ਜੀ ਕੀਤਾ ਬਾਹਰ ਜਾਕੇ, ਜੱਗੇ ਨੂੰ ਭਾਲ ਕੇ ਲਿਆਵੇ। ਉਸ ਬੱਤੀ ਜਗਾਈ, ਤਖ਼ਤੇ ਉਹਲਿਉਂ ਸੁੰਬਾਂ ਵਾਲੀ ਡਾਂਗ ਚੁੱਕੀ ਪਰ, ਅਜ ਉਹ ਵਿਹੜੇ ਵਿਚਲੀ ਟਾਹਲੀ ਕੋਲ ਹੀ ਗਿਆ ਸੀ। ਡਿੱਗਦਾ ਢਹਿੰਦਾ ਜੱਗਾ ਅੰਦਰ ਵੜਿਆ

"ਜੱਗੇ ਵੀਰ ਐਡੀ ਰਾਤ ਗਈ ਤੱਕ...।" ਗੱਲ ਭਗਵੰਤ ਦੇ ਮੂੰਹ ਵਿਚ ਹੀ ਸੀ ਜੱਗਾ ਬੋਲਿਆ "ਤੂੰ ਮੈਨੂੰ ਟੋਕਣ ਵਾਲਾ ਕੌਣ ਜੰਮਿਐਂ...।" ਭਗਵੰਤ ਗੱਲ ਸੁਣਕੇ ਸਹਿਮ ਜਿਹਾ ਗਿਆ ਤੇ ਕੰਬਦੀ ਆਵਾਜ਼ ਵਿਚ ਬੋਲਿਆ "ਵੀਰੇ ਬਾਪੂ ਨੇ ਮਰਨ ਵੇਲੇ ਤੈਨੂੰ ਕੀ ਆਖਿਆ ਸੀ...ਕਦੇ ਯਾਦ ਵੀ ਕੀਤਾ ਐ।"

"ਤੂੰ ਸੂਰਜ ਨੂੰ ਦੀਵਾ ਦਿਖਾ ਰਿਹੈਂ, ਤੈਨੂੰ ਬਹੁਤੀ ਔਖਾ ਹੋਣ ਦੀ ਲੋੜ ਨਹੀ ਮੇਰਾ ਹਿੱਸਾ ਮੈਨੂੰ ਦੇ ਦੇਹ 'ਤੇ ਆਪਣਾਂ..." ਭਗਵੰਤ ਨੇ ਫਿਰ ਗੱਲ ਟੋਕੀ "ਤੂੰ ਨਸ਼ੇ ਵਿਚ ਕੀ ਕਹਿ ਰਿਹਾ ਹੈਂ ?"

"ਮੈਂ ਜੋ ਕੁੱਝ ਕਹਿ ਰਿਹਾ ਹਾਂ, ਠੀਕ, ਕਹਿ ਰਿਹਾ ਹਾਂ" ਸੁਣਕੇ ਭਗਵੰਤ ਨੂੰ ਜਿਵੇਂ ਰਾਤ ਹੋਰ ਵੀ ਕਾਲੀ, ਹੋਰ ਭਿਆਨਕ ਲੱਗੀ। ਉਸ ਨੂੰ ਇਸ ਤਰ੍ਹਾਂ ਲੱਗਿਆ, ਜਿਵੇਂ ਉਹ ਚੰਗਾ ਭਲਾ, ਦਿਨ ਚੜ੍ਹਦੇ ਤੱਕ ਪਾਗਲ ਹੋ ਜਾਵੇਗਾ। "ਜ਼ਮੀਨ ਵੰਡਣ ਨੂੰ ਤਾਂ ਮੈਂ ਵੰਡ ਦਿਆਂ, ਪਰ, ਇਸ ਨੇ ਜ਼ਮੀਨ ਵਕੀਲਾਂ ਜੇਬਾਂ ਭਰਕੇ, ਸ਼ਰਾਬ ਦੀਆਂ ਘੁੱਟਾਂ ਵਿਚ ਘੋਲਕੇ ਖ਼ਤਮ ਕਰ ਦੇਣੀ ਹੈ, ਫਿਰ ਭਾਬੀ ਭਤੀਜੇ ਤੇ ਭਤੀਜੀਆਂ ਫਕੀਰਾਂ ਦੇ ਹਾਲ ਫਿਰਨਗੇ।" ਸੋਚਦਿਆਂ, ਸੋਚਦਿਆਂ ਖਿੱਤੀਆਂ ਘੁੰਮ ਗਈਆਂ। ਉਸਦੀ ਪਤਨੀ ਨੇ ਉਠਕੇ ਦੁੱਧ ਵੀ ਰਿੜਕ ਲਿਆ ਸੀ। ਸਾਂਝੀ ਵੀ ਪਸ਼ੂਆਂ ਨੂੰ ਪੱਠੇ ਪਾ ਕੇ ਮੁੜ ਗਿਆ ਸੀ। ਗੁਰਦੁਆਰੇ ਲਾਊਡਸਪੀਕਰ ਰਾਹੀਂ ਸੁਖਮਨੀ ਸਾਹਿਬ ਦਾ ਪਾਠ ਵੀ ਅਰੰਭ ਹੋ ਗਿਆ ਸੀ ਅਤੇ ਟਾਹਲੀ ਉਤੇ ਪੰਛੀ ਵੀ ਚਹਿਕਣ ਲੱਗ ਪਏ ਸਨ। ਪਰ, ਭਗਵੰਤ ਉਵੇਂ ਸੋਚਾਂ ਵਿਚ ਘਿਰਿਆ ਜਾਗ ਰਿਹਾ ਸੀ।

ਬਾਹਰ ਥੋੜਾ ਜਿਹਾ ਚਾਨਣ ਹੋਇਆ, ਭਗਵੰਤ ਉਠਿਆ ਚਾਹ ਪੀਤੀ, ਹੱਲ ਜੋੜਕੇ ਚਲਿਆ ਗਿਆ। ਹੱਲ ਵਾਹੁੰਦਾ ਭਗਵੰਤ ਇਸ ਤਰ੍ਹਾਂ ਮਹਿਸੂਸ ਕਰ ਰਿਹਾ ਸੀ, ਜਿਵੇਂ ਹੱਲ ਦੀ ਨੋਕ ਉਸਦੇ ਮਨ ਉਤੇ ਝਰੀਟਾਂ ਪਾ ਰਹੀ ਹੋਵੇ। ਸੂਰਜ ਦੀ ਟਿੱਕੀ ਬਹੁਤ ਉਤੇ ਆ ਗਈ। ਉਹ ਬਲਦਾਂ ਨੂੰ ਦਮ ਦਿਵਾਉਣ ਲੱਗਿਆ। ਇੰਨੇ ਨੂੰ ਪਿਛੋਂ ਸਾਂਝੀ ਆਕੇ ਕਹਿਨ ਲੱਗਿਆ "ਬੜਾ ਸਰਦਾਰ ਬਲਾਉਂਦਾ ਥੋਨੂੰ।" ਭਗਵੰਤ ਦਾ ਮੱਥਾ ਠਣਕਿਆ। ਹੱਲ ਦਾ ਮੁੰਨਾ ਸਾਂਝੀ ਨੂੰ ਫੜਾਇਆ ਤੇ ਆਪ ਘਰ ਨੂੰ ਪਰਤ ਿਆਇਆ।

ਘਰ ਆਉਂਦਿਆ ਹੀ ਰਾਤ ਵਾਲੀ ਸਮੱਸਿਆ ਸਾਹਮਣੇ ਸੀ। ਭਗਵੰਤ ਨੇ ਜੱਗੇ ਅੱਗੇ ਹੱਥ ਬੰਨ੍ਹੇ, ਮਿੰਨਤਾਂ ਕੀਤੀਆ, ਤਰਲੇ ਪਾਏ, ਪਰ, ਜੱਗੇ ਨੇ ਇਕ ਨਾ ਮੰਨੀ। ਭਗਵੰਤ ਨੇ ਅੰਤ ਇਹ ਵੀ ਆਖਿਆ "ਤੂੰ ਜ਼ਮੀਨ ਦੇ ਟੋਟੇ ਨਾ ਸਮਝ, ਇਹ ਬਾਪੂ ਦੇ...।" ਜਗੇ ਨੇ ਮੁੱਛਾਂ ਨੂੰ ਵੱਟ ਦੇ ਕੇ ਗੱਲ ਕੱਟ ਦਿੱਤੀ "ਬਹੁਤੀਆਂ ਬੁਝਾਰਤਾਂ ਨਾ ਪਾ, ਮੈਂ ਜੋ ਕੁੱਝ ਕਿਹਾ, ਉਹ ਹੋਕੇ ਹੀ ਰਹੂਗਾ।"

ਭਰੀਆਂ ਅੱਖਾਂ ਨਾਲ ਭਗਵੰਤ ਪੰਚਾਇਤ ਘਰੋਂ ਪਟਵਾਰੀ ਨੂੰ ਸੱਦ ਲਿਆਇਆ। ਸਾਰੇ ਖੇਤਾਂ ਵਿਚ ਪਟਵਾਰੀ ਦੀ ਜ਼ਰੀਬ ਫਿਰ ਗਈ। ਬ੍ਰਿਛਾਂ ਦੇ ਮੁਲ ਪਾਏ ਗਏ। ਖੇਤ ਬੰਨੇ ਵੰਡੇ ਗਏ। ਕੁੱਝ ਹੀ ਦਿਨਾਂ ਵਿਚ ਲੰਬੇ ਚੌੜੇ ਵਿਹੜੇ ਵਿਚ ਵੀ ਦੀਵਾਰ ਉਸਾਰੀ ਗਈ।

ਭਗਵੰਤ ਹੁਣ ਅੱਗੇ ਨਾਲੋਂ ਵੀ ਬਹੁਤੀ ਮਿਹਨਤ ਕਰਨ ਲੱਗਿਆ। ਦਿਨ ਰਾਤ ਖੇਤੀ ਦੇ ਕੰਮ ਵਿਚ ਰੁਝਿਆ ਰਹਿੰਦਾ। ਜਦੋਂ ਵੀ ਕੁੱਝ ਪਲ ਵਿਹਲ ਮਿਲਦਾ, ਭਰਾ ਦੇ ਵੱਖ ਹੋਣ ਦੀ ਪੀੜ ਉਸਦੇ ਮਨ ਨੂੰ ਨਪੀੜਨ ਲੱਗਦੀ। ਕਈ ਵਾਰ ਆਪਣੇ ਭਰਾ ਨੂੰ ਸਮਝਾਉਣ ਦਾ ਯਤਨ ਕਰਦਾ ਪਰ, ਜੱਗੇ ਨੂੰ ਇਹ ਸਾਰਾ ਕੁੱਝ ਜਿਵੇਂ ਜ਼ਹਿਰ ਲੱਗਦਾ ਸੀ।

Namdhari Elibrary NamdhariElibrary@gmail.com

ਇਕ ਦਿਨ ਆਥਣੇ ਭਗਵੰਤ ਧਾਨਾਂ ਨੂੰ ਪਾਣੀ ਲਾ ਕੇ ਆਇਆ, ਉਸ ਦੀ ਵਹੁਟੀ ਨੇ ਦਸਿਆ "ਅੱਜ ਤੇਰਾ ਭਾਈ ਦੋ ਕਿਲੇ ਗਹਿਣੇ ਕਰ ਆਇਆ ਹੈ ।" ਭਗਵੰਤ ਦੇ ਮੂੰਹ ਦੀ ਬੁਰਕੀ ਜਿਵੇਂ ਫੁੱਲ ਗਈ । ਉਸ ਨੇ ਪਾਣੀ ਦੀ ਘੁੱਟ ਪੀਤੀ । ਬਾਕੀ ਰੋਟੀ ਥਾਲੀ ਵਿਚ ਹੀ ਰਹਿ ਗਈ । ਜੱਗੇ ਦੇ ਘਰ ਗਿਆ । ਜੱਗਾ ਸ਼ਰਾਬ ਨਾਲ ਰਜਿਆ, ਮੰਜੇ ਉਤੇ ਬੈਠਾ ਝੂੰਮ ਰਿਹਾ ਸੀ "ਨਾ ਟਲਿਆ, ਕਰ ਦਿਤੀ ਸ਼ੁਰੂ ਜ਼ਮੀਨ ਪਾਣੀ, ਦੇਖ ਭਾਬੀ ਦੀ ਹਾਲਤ, ਨਿਆਣੇ ਤੂੰ ਪੜ੍ਹਨ ਤੋਂ ਹਟਾ ਲਏ ।" ਭਗਵੰਤ ਦੀ ਅਵਾਜ਼ ਵਿਚ ਅੱਜ ਗੁੱਸਾ ਸੀ ।

"ਪੜ੍ਹ ਕੇ ਕਿਹੜਾ ਇਹਨਾਂ ਨੇ ਡੀ. ਸੀ. ਬਣਨੈ ।" ਅੱਗੋਂ ਜੱਗੇ ਨੇ ਕਿਹਾ ।

"ਸਭ ਪੜ੍ਹੇ-ਲਿਖੇ ਡੀ. ਸੀ. ਹੀ ਤਾਂ ਨਹੀਂ ਬਣਦੇ ।' ਭਗਵੰਤ ਦੀ ਦਲੀਲ ਸੀ ।

"ਮੇਰੇ ਨਾਲ ਵਕੀਲਾਂ ਆਲੀ ਜ਼ਿਰ੍ਹਾ ਨਾ ਕਰ ।" ਜੱਗੇ ਨੇ ਮੁੱਛਾਂ ਨੂੰ ਵੱਟ ਦਿੰਦਿਆਂ ਗੱਲ ਜਾਰੀ ਰੱਖੀ......" ਮੇਰੇ ਕੰਮ ਵਿਚ ਦਖਣ ਦੇਣ ਵਾਲਾ ਤੂੰ ਕੌਣ ਹੈਂ ?

'ਤੇਰਾ ਭਾਈ' ਭਗਵੰਤ ਦਾ ਉੱਤਰ ਸੀ ।

"ਭਾਈ, ਭੂਈ ਨੂੰ ਮੈਂ ਨਹੀਂ ਜਾਣਦਾ...ਮੈਂ ਆਪਣੀ ਜ਼ਮੀਨ ਖਾ ਰਿਹਾਂ, ਕਿਹੜਾ ਸਾਲੀ ਨਾਲ ਜਾਣੀ ਆਂ ।"

'ਨਾਲ ਤਾਂ ਨਹੀਂ ਜਾਣੀ, ਪਰ, ਇਹ ਨਿਆਣੇ...।' ਗੱਲ ਅਜੇ ਵਿਚਾਲੇ ਹੀ ਸੀ । ਜੱਗਾ ਉਠਿਆ, ਭਗਵੰਤ ਨੂੰ ਧੱਕੇ ਮਾਰੇ ਬੈਠਕੋਂ ਬਾਹਰ ਕੱਢ ਦਿੱਤਾ । 'ਆ ਗਿਆ ਬੜੀਆਂ ਅਕਲਾਂ ਆਲ਼ਾ ।' ਨਿਆਣੇ ਕੰਧ ਨਾਲ ਲੱਗੇ, ਜਾਂਦੇ ਚਾਚੇ ਨੂੰ ਦੇਖ ਰਹੇ ਸਨ । ਤੇ ਭਗਵੰਤ ਸੋਚਦਾ ਜਾਂਦਾ ਸੀ 'ਮੁੜ ਕੇ ਇਧਰ ਨਹੀਂ ਆਉਣਾ ।'

ਸਮਾਂ ਆਪਣੀ ਚਾਲ ਤੁਰਦਾ ਗਿਆ । ਦਿਨ, ਮਹੀਨੇ, ਵਰ੍ਹੇ ਲੰਘਦੇ ਗਏ । ਭਗਵੰਤ ਨੇ ਆਪਣੀ ਜ਼ਮੀਨ ਦੀ ਉਪਜ ਵਿਚੋਂ ਹੋਰ ਜ਼ਮੀਨ ਖਰੀਦ ਲਈ । ਉਹਦੇ ਮੁੰਡੇ ਇਕ ਵੱਡਾ ਮੁਰਗੀਖ਼ਾਨਾ ਚਲਾ ਰਹੇ ਸਨ । ਘਰ ਵਿਚ ਕਿਸੇ ਵਸਤੂ ਦਾ ਘਾਟਾ ਨਹੀਂ ਸੀ । ਇਕੋ ਘਾਟਾ ਸੀ, ਇਕੋ ਗਮ ਸੀ, ਜੋ ਭਗਵੰਤ ਨੂੰ ਕਈ ਵਾਰੀ ਉਦਾਸ ਕਰ ਦਿੰਦਾ । ਸਰੀਰ ਵਿਚ ਝਰਨਾਹਟ ਛੇੜ ਦਿੰਦਾ । ਉਸ ਦੇ ਭਰਾ ਦਾ ਗ਼ਮ ਜੋ ਸਮੇਂ ਦੇ ਨਾਲ ਨਾ ਚੱਲ ਸਕਿਆ । ਜਿਸਦੇ ਬੱਚੇ ਉਸ ਦੇ ਬਚਿਆਂ ਵਾਂਗ ਪੜ੍ਹ ਲਿਖ ਨਾ ਸਕੇ । ਜਿਸ ਕੋਲ ਉਸ ਵਰਗਾ ਮਕਾਨ ਨਹੀਂ ਸੀ । ਜਿਸ ਦੀ ਵਹੁਟੀ, ਉਸ ਦੀ ਵਹੁਟੀ ਵਾਂਗ ਵੰਨ ਸੁਵੰਨੇ ਤਾਂ ਕੀ ਸਾਫ ਕਪੜੇ ਵੀ ਨਹੀਂ ਸੀ, ਪਾ ਸਕਦੀ । ਜਿਸ ਦੀ ਸਾਰੀ ਜ਼ਮੀਨ ਹੁਣ ਗਹਿਣੇ ਸੀ ।

ਟੇਲੀਵੀਯਨ ਭਗਵੰਤ ਹੋਰਾਂ ਨੇ ਕੁਝ ਦਿਨ ਹੋਏ ਲਿਆਂਦਾ ਸੀ । ਵਿਹੜੇ ਵਿਚ ਉਸ ਉਤੇ ਨਾਟਕ ਚਲ ਰਿਹਾ ਸੀ । ਪਰ, ਭਗਵੰਤ ਬੈਠਕ ਵਿਚ ਪਿਆ ਝੂਰ ਰਿਹਾ ਸੀ । ਉਸ ਨੂੰ ਪਤਾ ਨਾ ਲਗਿਆ ਕਦੋਂ ਗੁਆਂਢੀ ਨਾਟਕ ਦੇਖ ਕੇ ਚਲੇ ਗਏ । ਤੇ ਉਹ ਸੋਚਣ ਲੱਗਿਆ, "ਕਾਸ਼ ! ਜੱਗਾ--ਬਾਪੂ ਦੇ ਅੰਤਮ ਬੋਲਾ ਦੇ ਅਰਥ ਸਮਝ ਸਕਦਾ, ਕਾਸ਼ ! ਉਹ...।" ਉਸ ਦੀ ਸੋਚ ਨੂੰ ਬਾਹਰ ਦੀਵਾਰੋਂ ਪਾਰ ਰੌਲੇ ਦੀ ਆਵਾਜ਼ ਨੇ ਤੋੜ ਦਿਤਾ । ਉਹ ਬਾਹਰ ਗਿਆ । ਕੰਧ ਉਤੋਂ ਦੀ ਅਨ੍ਹੇਰੇ ਵਿਚ ਦੇਖਣ ਲਗਿਆ । ਜੱਗਾ ਸ਼ਰਾਬ ਭਿੱਜੇ ਬੋਲਾਂ ਵਿਚ ਆਪਣੀ ਵਹੁਟੀ ਨਾ ਆਖ ਰਿਹਾ ਸੀ "ਤੂੰ ਮੇਰੇ ਆਉਂਦੇ ਨੂੰ ਬਿਜਲੀ ਕਿਉਂ ਨਾ ਜਗਾਈ ?" ਜੱਗੇ ਦੀ ਵਹੁਟੀ ਰੋਂਦੀ ਹੋਈ ਆਖਣ ਲੱਗੀ "ਬਿਜਲੀ ਹੈ ਨਹੀਂ ।" "ਹੈ ਕਿਉਂ ਨਹੀਂ...ਭਗਵੰਤ ਦੇ ਵਿਹੜੇ ਵਿਚ ਕਾਹਦਾ ਚਾਨਣ ਹੈ ? ਜੱਗੇ ਨੇ ਮੁੱਛਾਂ ਨੂੰ ਵੱਟ ਦੇ ਕੇ ਪੁਛਿਆ ।

"ਬਾਪੂ ਆਪਣੀ ਬਿਜਲ਼ੀ ਅਜ ਕੱਟ ਗਏ, ਦੋ ਮਹੀਨੇ ਹੋ ਗਏ, ਬਿੱਲ ਨਹੀਂ ਤਾਰਿਆ ।" ਕੰਧ ਨਾਲ ਲਗਿਆ ਉਸਦਾ ਛੋਟਾ ਮੁੰਡਾ ਆਖ ਰਿਹਾ ਸੀ ।

ਜੱਗੇ ਨੇ ਫਿਰ ਆਪਣੀ ਵਹੁਟੀ ਨੂੰ ਵੱਡੀ ਸਾਰੀ ਗਾਲ੍ਹ ਕੱਢੀ, ਚੁਲ੍ਹੇ ਕੋਲੋਂ ਭੂਕਨਾ ਚੁਕ ਕੇ ਉਸ ਦੀ ਵੱਖੀ ਵਿਚ ਮਾਰਿਆ । ਉਸਦੀ ਚੀਕ ਨਿਕਲ ਗਈ । "ਹੁਣ ਚੀਕਾਂ ਮਾਰਦੀ ਆ, ਜਿਦਣ ਦੀ ਇਸ ਘਰ ਆਈ ਐ, ਘਰ ਉਦਣ ਦਾ ਹੀ ਤਬਾਹ ਹੁੰਦਾ ਗਿਆ । ਕਿਸੇ ਚੀਜ਼ ਵਿਚ ਬਰਕਤ ਹੀ ਨਹੀਂ ਰਹੀ ।' ਇਕ ਭੂਕਨਾ ਪਿੱਠ ਉਤੇ ਉਸ ਨੇ ਹੋਰ ਠੋਕਿਆ । ਭਗਵੰਤ ਉਵੇਂ ਕੰਧ ਉਤੋਂ ਸਾਰਾ ਕੁਝ ਦੇਖ ਰਿਹਾ ਸੀ ।

"ਬਾਪੂ, ਬੀਬੀ ਦਾ ਇਸ ਵਿਚ ਕੀ ਕਸੂਰ ਆ ।" ਸਭ ਤੋਂ ਵੱਡੀ ਕੁੜੀ ਨੇ ਆਖਿਆ ਹੀ ਸੀ, ਜੱਗੇ ਦਾ ਥੱਪੜ ਉਸ ਦੇ ਮੂੰਹ ਉਤੇ ਵੀ ਆ ਵਜਿਆ ।

"ਹੂੰ ! ਉਠ ਨਾ ਹੋਵੇ ਆਪ, ਫਿੱਟੇ ਮੂੰਹ ਗੋਡਿਆਂ ਦਾ ।" ਕਹਿੰਦੇ ਸਾਰ ਭਗਵੰਤ ਨੇ ਕੰਧ ਉਤੋਂ ਦੀ ਜੱਗੇ ਦੇ ਵਿਹੜੇ ਵਿਚ ਛਾਲ ਮਾਰੀ ।


ਤੇਲੂ ਰਾਮ ਕੁਹਾੜਾ
ਪਿੰਡ--ਡਾ: ਕੁਹਾੜਾ
ਚੰਡੀਗੜ੍ਹ ਰੋਡ, ਜ਼ਿਲਾ ਲੁਧਿਆਣਾ

Namdhari Elibrary NamdhariElibrary@gmail.com


Approved By Department of :

AGRICULTURE PUNJAB GOVERNMENT

High Class Manufacturers of :




- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE
QUALITY
MARK
PUNJAB GOVT.

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ
ਬਨਾਉਣ ਵਾਲੇ।

TRADE **JASPAL** MARK

Grams : HABI INDUSTRIES **Phone : 2737**

HABI INDUSTRIES (Regd.)

10 Industrial Area
PHAGWARA—144401 (Pb.)

Namdhari Elibrary NamdhariElibrary@gmail.com

ਇਰਾਨੀ ਕਹਾਣੀ

ਦੌਲਤ

ਗਲ ਕਈ ਸਾਲ ਪਹਿਲਾਂ ਦੀ ਹੈ। ਬਗਦਾਦ ਸ਼ਹਿਰ ਵਿਚ ਇਕ ਬਹੁਤ ਹੀ ਅਮੀਰ ਆਦਮੀ ਰਹਿੰਦਾ ਸੀ। ਉਸ ਨੂੰ ਸਾਰੀ ਦੌਲਤ ਵਿਰਾਸਤ ਵਿਚ ਮਿਲੀ ਸੀ। ਪਰ ਬੁਰੀ ਸੰਗਤ ਵਿਚ ਪੈ ਜਾਣ ਕਾਰਣ ਉਹ ਕੰਗਾਲ ਹੋ ਗਿਆ ਤੇ ਫਾਕੇ ਕਟਣ ਲੱਗਾ।

ਚਾਰੇ ਪਾਸਿਓਂ ਨਿਰਾਸ਼ ਹੋ ਕੇ ਉਸਨੇ ਪ੍ਰਮਾਤਮਾ ਨੂੰ ਯਾਦ ਕੀਤਾ—ਹੇ ਪ੍ਰਮਾਤਮਾ ਜਾਂ ਮੈਨੂੰ ਦੌਲਤ ਦੇ ਦੇ ਜਾਂ ਮੌਤ। ਉਸ ਰਾਤ ਉਸ ਨੂੰ ਇਕ ਅਜੀਬ ਜਿਹਾ ਸੁਪਨਾ ਆਇਆ। ਉਸ ਨੂੰ ਲਗਿਆ ਜਿਵੇਂ ਪ੍ਰਮਾਤਮਾ ਉਸ ਨੂੰ ਕਹਿ ਰਿਹਾ ਹੈ—ਜਿਸ ਦੌਲਤ ਦੀ ਤੈਨੂੰ ਲੋੜ ਹੈ ਉਹ ਤੈਨੂੰ ਕਾਹਿਰਾ ਵਿਚ ਮਿਲ ਜਾਏਗੀ। ਇਸ ਲਈ ਤੂੰ ਫੌਰਨ ਕਾਹਿਰਾ ਚਲਾ ਜਾ। ਮੈਂ ਕਿਸੇ ਦੀ ਫਰਿਆਦ ਨੂੰ ਰੱਦ ਨਹੀਂ ਕਰਦਾ, ਖਾਸ ਕਰਕੇ ਅਜਿਹੇ ਲੋਕਾਂ ਦੀ ਫਰਿਆਦ ਜਿਹੜੇ ਆਪਣਾ ਸਭ ਕੁਝ ਗਵਾਕੇ ਭਿਖਾਰੀ ਬਣ ਗਏ ਹੋਣ।

ਉਹ ਬਗਦਾਦ ਤੋਂ ਕਾਹਿਰਾ ਆ ਗਿਆ। ਕਾਹਿਰਾ ਆ ਕੇ ਜਦੋਂ ਉਸਨੇ ਉਥੋਂ ਦੀ ਸ਼ਾਨੋ ਸ਼ੌਕਤ ਵੇਖੀ ਤਾਂ ਉਸ ਨੂੰ ਉਮੀਦ ਹੋ ਗਈ ਕਿ ਇਥੇ ਉਸ ਨੂੰ ਮਨ ਚਾਹੀ ਦੌਲਤ ਜ਼ਰੂਰ ਮਿਲ ਜਾਏਗੀ। ਉਸ ਨੇ ਉਸ ਜਗ੍ਹਾ ਦੀ ਖੋਜ ਅਰੰਭ ਕਰ ਦਿੱਤੀ, ਜਿਥੋਂ ਸੁਪਨੇ 'ਚ ਸੁਣੀ ਆਵਾਜ਼ ਦੇ ਅਨੁਸਾਰ ਉਸਨੂੰ ਮਨ ਚਾਹੀ ਦੌਲਤ ਮਿਲਣ ਵਾਲੀ ਸੀ।

ਕਿਉਂਕਿ ਖਜ਼ਾਨੇ ਦੀ ਭਾਲ ਦਿਨ ਸਮੇਂ ਕਰਨ ਨਾਲ ਉਸ ਤੇ ਸ਼ਕ ਹੋ ਸਕਦਾ ਸੀ, ਇਸ ਲਈ ਉਸ ਨੇ ਦਸੀ ਹੋਈ ਜਗ੍ਹਾ ਤੇ ਰਾਤ ਸਮੇਂ ਜਾਣ ਦਾ ਫੈਸਲਾ ਕੀਤਾ। ਉਸ ਨੇ ਸੋਚਿਆ ਕਿ ਮੈਂ ਉਥੇ ਰਾਤ ਨੂੰ ਚੁਪਚਾਪ ਚਲਾ ਜਾਵਾਂਗਾ, ਤੇ ਫਕੀਰ ਦਾ ਪਹਿਰਾਵਾ ਪਾ ਕੇ ਬੈਠ ਜਾਵਾਂਗਾ। ਜਦੋਂ ਚੁਫੇਰੇ ਕੋਈ ਨਹੀਂ ਹੋਵੇਗਾ ਤਾਂ ਆਰਾਮ ਨਾਲ ਸਾਰਾ ਖਜ਼ਾਨਾ ਪੁੱਟ ਕੇ ਉਸਨੂੰ ਬਗਦਾਦ ਲੈ ਚਲਾਂਗਾ।

ਉਸ ਨੇ ਕਈ ਦਿਨਾਂ ਤੋਂ ਖਾਣਾ ਨਹੀਂ ਸੀ ਖਾਧਾ। ਖਾਣਾ ਸਿਰਫ ਭੀਖ ਮੰਗ ਕੇ ਹੀ ਮਿਲ ਸਕਦਾ ਸੀ, ਪਰ ਭੀਖ ਮੰਗਣ 'ਚ ਉਸ ਨੂੰ ਸ਼ਰਮ ਆਉਂਦੀ ਸੀ ਤੇ ਉਸ ਨੂੰ ਭੀਖ ਮੰਗਣ ਦਾ ਅਭਿਆਸ ਵੀ ਨਹੀਂ ਸੀ। ਇਸ ਲਈ ਇਹ ਕੰਮ ਉਹ ਨਾ ਕਰ ਸਕਿਆ। ਉਹ ਤਾਂ ਕੁਝ ਸਮੇਂ ਪਿਛੋਂ ਭਾਰੀ ਖਜ਼ਾਨਾ ਮਿਲ ਜਾਣ ਮਗਰੋਂ ਅਮੀਰ ਆਦਮੀ ਬਣ ਜਾਣ ਦੇ ਸੁਪਨੇ ਵੇਖ ਰਿਹਾ ਸੀ। ਉਸ ਨੇ ਸਾਰਾ ਦਿਨ ਖਜ਼ਾਨੇ ਬਾਰੇ ਸੋਚ-ਸੋਚ ਕੇ ਹੀ ਬਿਤਾ ਦਿੱਤਾ।

ਜਦੋਂ ਰਾਤ ਕਾਫੀ ਬੀਤ ਗਈ ਤਾਂ ਉਹ ਖਜ਼ਾਨੇ ਵਾਲੀ ਜਗ੍ਹਾ ਵਲ ਚਲ ਪਿਆ। ਪਰ ਰਾਹ ਵਿਚ ਹੀ ਉਸ ਨੂੰ ਗਸ਼ਤ ਕਰ ਰਹੇ ਸਿਪਾਹੀ ਨੇ ਫੜ ਲਿਆ।

ਉਨ੍ਹੀਂ ਦਿਨੀਂ ਕਾਹਿਰਾ ਵਿਚ ਚੋਰੀਆਂ ਬਹੁਤ ਹੋ ਰਹੀਆਂ ਸਨ। ਇਸ ਲਈ ਖਲੀਫਾ ਨੇ ਹੁਕਮ ਦਿਤਾ ਹੋਇਆ ਸੀ ਕਿ ਰਾਤ ਨੂੰ ਪੁਲਿਸ ਕਰਮਚਾਰੀਆਂ ਦੀ ਨਿਗਾਹ ਵਿਚ ਜੇਕਰ ਕੋਈ ਆਦਮੀ ਅਵਾਰਾ ਘੁੰਮਦਾ ਫਿਰਦਾ ਆਵੇ ਤਾਂ ਉਸ ਦੇ ਹੱਥ ਵੱਢ ਦਿਤੇ ਜਾਣ।

ਸਿਪਾਹੀ ਨੇ ਉਸ ਨੂੰ ਬੜੀ ਬੇਰਹਿਮੀ ਨਾਲ ਕੁਟਾਪਾ ਚਾੜ੍ਹਿਆ। ਕਾਫੀ ਦੇਰ ਮਾਰ ਖਾਣ ਪਿਛੋਂ ਉਸਨੇ ਜ਼ਬਾਨ ਖੋਲ੍ਹੀ—ਮੈਨੂੰ ਹੋਰ ਨਾ ਮਾਰੋ ਮੈਂ ਆਪ ਹੀ ਤੁਹਾਨੂੰ ਸਭ ਕੁਝ ਸੱਚ ਸੱਚ ਦਸ ਦਿੰਦਾ ਹਾਂ।

ਸਿਪਾਹੀ ਬੋਲਿਆ - ਤਾਂ ਮੂਰਖਾ ਇਹ ਗੱਲ ਤੂੰ ਪਹਿਲਾਂ ਕਿਉਂ ਨਹੀਂ ਦਸੀ. ਅੱਛਾ ਹੁਣ ਬਕ, ਪਰ ਯਾਦ ਰਖੀਂ ਜੇ ਝੂਠ ਬੋਲਿਆ ਤਾਂ ਸਖਤ ਸਜ਼ਾ ਦਿਤੀ ਜਾਏਗੀ। ਤੂੰ ਕਾਹਿਰਾ ਦਾ ਤਾਂ ਰਹਿਣ ਵਾਲਾ ਨਹੀਂ ਲਗਦਾ। ਤੇਰੇ ਵਰਗੇ ਅਵਾਰਾ ਲੋਕਾਂ ਕਾਰਨ ਹੀ ਖਲੀਫਾ ਸਾਡੇ ਪੁਲਿਸ ਵਾਲਿਆਂ ਤੇ ਇੰਨੇ ਨਰਾਜ਼ ਹਨ। ਉਨ੍ਹਾਂ ਨੇ ਹੁਕਮ ਦੇ ਰਖਿਆ ਹੈ ਕਿ ਜਿਹੜਾ ਵੀ ਆਦਮੀ ਰਾਤ ਨੂੰ ਬਿਨਾ ਕਾਰਨ ਘੁੰਮਦਾ ਮਿਲੇ ਉਸ ਦੇ ਹੱਥ ਤੁਰੰਤ ਕੱਟ ਦਿਤੇ ਜਾਣ। ਹੁਣ ਜਾਂ ਤਾਂ ਤੂੰ ਸਭ ਕੁਝ ਸਚ ਸਚ ਦਸ ਦੇ ਕਿ ਤੂੰ ਕਿਸ ਇਰਾਦੇ ਨਾਲ ਇਥੇ ਘੁੰਮ ਰਿਹਾ ਸੀ ਤੇ ਤੇਰੇ ਦੂਜੇ ਸਾਥੀ ਕਿਥੇ ਛੁਪੇ ਹੋਏ ਹਨ। ਨਹੀਂ ਤਾਂ ਮਜਬੂਰ ਹੋ ਕੇ ਤੈਨੂੰ ਗੋਲੀ ਮਾਰਨੀ ਪਵੇਗੀ।

ਉਸ ਆਦਮੀ ਨੇ ਹੱਥ ਜੋੜਦੇ ਹੋਏ ਕਿਹਾ—ਹਜ਼ੂਰ, ਮੈਂ ਨਾ ਚੋਰ ਹਾਂ ਨਾ ਅਵਾਰਾ। ਸੱਚ ਤਾਂ ਇਹ ਹੈ ਕਿ ਮੈਂ ਇਸ ਸ਼ਹਿਰ ਦਾ ਰਹਿਣ ਵਾਲਾ ਵੀ ਨਹੀਂ ਹਾਂ। ਅਸਲ ਵਿਚ ਮੈਂ ਬਗਦਾਦ ਦਾ ਰਹਿਣ ਵਾਲਾ ਹਾਂ।

ਇਸ ਤੋਂ ਬਾਅਦ ਉਸ ਨੇ ਸਿਪਾਹੀ ਨੂੰ ਆਪਣੇ ਸੁਪਨੇ ਬਾਰੇ ਦਸਿਆ।

ਉਸਦੀ ਈਮਾਨਦਾਰੀ ਨੇ ਸਿਪਾਹੀ ਨੂੰ ਕਾਫੀ ਪ੍ਰਭਾਵਤ ਕੀਤਾ। ਸਿਪਾਹੀ ਨੇ ਆਪਣੀ ਪਕੜ ਢਿੱਲੀ ਕਰਦੇ ਹੋਏ ਕਿਹਾ—ਇਹ ਤਾਂ ਜ਼ਾਹਿਰ ਹੈ ਕਿ ਤੂੰ ਨਾ ਤਾਂ ਚੋਰ ਹੈਂ ਨਾ ਅਵਾਰਾ। ਤੂੰ ਇਕ ਚੰਗਾ ਆਦਮੀ ਨਜ਼ਰ ਆਉਂਦਾ ਹੈਂ। ਪਰ ਮੈਂ ਇੰਨਾ ਜ਼ਰੂਰ ਕਹਾਂਗਾ ਕਿ ਤੂੰ ਪਰਲੇ ਦਰਜੇ ਦਾ ਬੇਵਕੂਫ ਹੈ। ਜਿਹੜਾ ਆਦਮੀ ਇਕ ਸੁਪਨੇ ਨੂੰ ਸੱਚ ਮੰਨ ਕੇ ਬਗਦਾਦ ਤੋਂ ਕਾਹਿਰਾ ਚਲਾ ਆਏ ਤੇ ਇਥੇ ਆ ਕੇ ਇਕ ਖਜ਼ਾਨੇ ਨੂੰ ਲੱਭਣ ਦੀ ਕੋਸ਼ਿਸ਼ ਕਰੇ ਉਸ ਨੂੰ ਬੇਵਕੂਫ ਨਹੀਂ ਤਾਂ ਹੋਰ ਕੀ ਕਹਾਂਗੇ। ਓਏ ਮੂਰਖਾ, ਮੈਨੂੰ ਵੀ ਕਈ ਸਾਲਾਂ ਤੋਂ ਇਕ ਸੁਪਨਾ ਬਾਰ ਬਾਰ ਆਉਂਦਾ ਰਿਹਾ ਹੈ। ਸੁਪਨੇ ਵਿਚ ਨਜ਼ਰ ਆਉਂਦਾ ਹੈ ਕਿ ਬਗਦਾਦ ਦੇ ਫਲਾਂ ਮੁਹੱਲੇ ਦੀ ਫਲਾਣੀ ਗਲੀ ਦੇ ਫਲਾਣੇ ਮਕਾਨ ਵਿਚ ਭਾਰੀ ਖਜ਼ਾਨਾ ਦਬਿਆ ਹੋਇਆ ਹੈ। ਸੁਪਨੇ ਨੂੰ ਬਾਰ-ਬਾਰ ਵੇਖਣ ਤੇ ਵੀ ਮੇਰਾ ਦਿਲ ਕਦੇ ਵੀ ਨਹੀਂ ਕੀਤਾ ਕਿ ਮੈਂ ਬਗਦਾਦ ਜਾ ਕੇ ਉਸਦੀ ਭਾਲ ਕਰਾਂ। ਤੇ ਇਕ ਤੂੰ ਹੈਂ ਕਿ .. ..।

ਉਸ ਆਦਮੀ ਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ, ਕਿਉਂਕਿ ਜਿਸ ਮਕਾਨ ਦਾ ਜ਼ਿਕਰ ਸਿਪਾਹੀ ਨੇ ਕੀਤਾ ਸੀ ਉਹ ਉਸੇ ਦਾ ਮਕਾਨ ਹੀ ਸੀ। ਉਸਨੇ ਸਿਪਾਹੀ ਦਾ ਧੰਨਵਾਦ ਕੀਤਾ ਤੇ ਵਾਪਸ ਬਗਦਾਦ ਲਈ ਰਵਾਨਾ ਹੋ ਗਿਆ।

Namdhari Elibrary NamdhariElibrary@gmail.com

ਤਿੰਨ ਮਿਨੀ ਵਿਅੰਗ

ਨੌਕਰ ਸ਼ਾਹ ਜੋੜੇ ਦੀ ਪਰੇਸ਼ਾਨੀ

—ਪ੍ਰੀਤਮ ਸਿੰਘ ਪੰਛੀ

ਉਸ ਦਿਨ ਰਾਸ਼ਟਰਪਤੀ ਵਲੋਂ ਇਕ ਪਾਰਟੀ ਵਿਚ ਸੁਤੰਤਰਤਾ ਸੰਗ੍ਰਾਮੀਆਂ ਨੂੰ ਪਹਿਲੀ ਵਾਰ ਬੁਲਾਇਆ ਸੀ। ਮੁਗਲ ਗਾਰਡਨ ਦੇ ਇਕ ਕੋਨੇ ਵਲ ਸਰਕ ਕੇ ਉਹ ਸ਼ਾਇਦ ਇਸ ਲਈ ਬੈਠ ਗਏ ਸਨ ਕਿ ਉਹ ਕਿਸੇ ਵੀ ਗੱਲ ਵਿਚ ਆਪਣੇ ਆਪ ਨੂੰ ਦੂਜੇ ਮਹਿਮਾਨਾਂ ਦੀ ਬਰਾਬਰੀ ਤੋਂ ਦੂਰ ਸਮਝ ਰਹੇ ਸਨ। ਕਿਸੇ ਨੇ ਖੱਦਰ ਮੈਲੇ ਕਪੜਿਆਂ ਦਾ ਬੋਝ ਉਠਾ ਰਖਿਆ ਸੀ। ਕਿਸੇ ਨੇ ਆਜ਼ਾਦੀ ਦੀ ਲੜਾਈ ਲੜਣ ਤੋਂ ਬਾਦ ਫਲ ਦੀ ਉਡੀਕ ਵਿਚ ਭਗਵਾਂ ਵੇਸ ਧਾਰਨ ਕਰ ਲਿਆ ਸੀ। ਕਿਸੇ ਦਾ ਲੱਕ ਏਨਾਂ ਝੁਕ ਗਿਆ ਸੀ ਕਿ ਉਹ ਕੁਰਸੀ ਦੇ ਅੰਦਰ ਤੱਕ ਧੱਕ ਗਿਆ ਸੀ।

ਇਹ ਰੰਗਾਰੰਗ ਦੀ ਪਾਰਟੀ ਵਿਚ ਦੁਨੀਆਂ ਦੇ—ਵੱਖ ਵੱਖ ਦੇਸਾਂ ਦੇ ਕੂਟਨੀਤਕ ਅਤੇ ਸ਼ਾਇਦ ਕਿਸੇ ਇਕ ਦੇਸ ਦਾ ਰਾਸ਼ਟਰਪਤੀ, ਕਿਸੇ ਇਕ ਦਾ ਪ੍ਰਧਾਨ ਮੰਤਰੀ ਵੀ ਮਜੂਦ ਸੀ।

ਇਕ ਸੀਨੀਅਰ ਅਫਸਰ 'ਬ' ਮੁਗਲ ਗਾਰਡਨ ਦੇ ਵਧੀਆ ਕਿਸਮ ਦੇ ਘਾਹ ਸਬੰਧੀ ਆਪਣੇ 'ਬਾਟੱਨੀ' ਗਿਆਨ ਨੂੰ ਉਗਲਦੇ ਆਪਣੀ ਬੀਵੀ ਦੀ ਬਾਂਹ ਵਿਚ ਬਾਂਹ ਪਾਈ ਉਸੇ ਪਾਸੇ ਨਿਕਲ ਆਏ ਸੀ। ਜਿਧਰ ਸੁਤੰਤਰਤਾ-ਸੰਗ੍ਰਾਮੀ ਕਈ ਟੋਲੀਆਂ ਵਿਚ ਵੰਡੇ ਬੈਠੇ ਸਨ। ਮਿ: 'ਬ' ਦਾ ਧਿਆਨ ਅਚਾਨਕ ਓਧਰ ਗਿਆ ਅਤੇ ਉਸਨੇ ਜਦੋਂ ਆਪਣੀ ਬੀਵੀ ਨੂੰ ਵੀ ਸੁਤੰਤਰਤਾ-ਸੰਗ੍ਰਾਮੀਆਂ ਉਤੇ ਨਜ਼ਰਾਂ ਗੱਡੀ ਪਰੇਸ਼ਾਨ ਵੇਖਿਆ ਤੇ ਉਹ ਆਪਵੀ ਪਰੇਸ਼ਾਨ ਹੋ ਉੱਠੇ। ਉਹਨਾਂ ਨੇ ਆਪਣੇ ਸਰਕਾਰੀ ਵਕਾਰ ਵਾਲੇ ਡਰੈਸ ਦਾ ਬਾਕਾਇਦਾ ਮੁਆਇਨਾ ਕੀਤਾ, ਕਿਧਰੇ ਉਸ ਵਿਚ ਕੋਈ ਘਾਟ ਤਾਂ ਨਹੀਂ ਸੀ ਰਹਿ ਗਈ।

ਉਹ ਕੁਝ ਦੇਰ ਹੋਰ ਏਧਰ ਓਧਰ ਘੁੰਮੇ—ਪਰ ਜਦੋਂ ਉਹਨਾਂ ਨੇ ਦੇਖਿਆ ਕਿ ਮੇਜ਼ਾਂ ਦੀ ਲੰਮੀ ਕਤਾਰ ਤੇ ਚਾਹ ਅਤੇ ਬਰਫੀ ਦੀਆਂ ਪਲੇਟਾਂ ਲੱਗਦਿਆਂ ਹੀ ਸੁਤੰਤਰਤਾ-ਸੰਗ੍ਰਾਮੀ ਉਹਨਾਂ ਉਤੇ ਟੁੱਟ ਪਏ ਹਨ ਤਾਂ ਇਸ ਨੌਕਰਸ਼ਾਹ ਜੋੜੇ ਨੂੰ ਪਸੀਨਾ ਛੁੱਟ ਪਿਆ। ਪਾਰਟੀ ਤੋਂ ਵਾਕਆਊਟ ਕਰਦਿਆਂ ਉਹਨਾਂ ਨੂੰ ਫਰਮੈਲਿਟੀ ਦਾ ਵੀ ਖਿਆਲ ਨਹੀਂ ਰਿਹਾ।

ਉਹਨਾ ਦੀ ਪਰੇਸ਼ਾਨੀ ਇਹ ਸੀ ਕਿ ਉਹਨਾਂ ਨੇ ਕਿਸੇ ਕੱਕਟੇਲ ਵਿਚ ਜਾਣਾ ਸੀ ਅਤੇ ਉਹ ਕਿਸੇ ਹਾਲਤ ਵਿਚ ਵੀ ਆਪਣੇ ਮੂੰਹ ਦਾ ਸੁਆਦ ਵਿਗਾੜਣਾ ਨਹੀਂ ਸੀ ਚਾਹੁੰਦੇ।......

ਦੁਖ ਤਾਂ ਬਹੁਤ ਹਨ !

ਮਾਧੋਰਾਮ ਨੂੰ ਦੁਖ ਤਾਂ ਬਹੁਤ ਹਨ ਪਰ ਦੁਨਿਆਵੀ ਪ੍ਰੀਭਾਸ਼ਾ ਵਿਚ ਉਹ ਦੁਖ ਤੋਂ ਉਪਰਲੀ ਸ੍ਰੇਣੀ ਦਾ ਆਦਮੀ ਕਹਾਉਂਦਾ ਹੈ। ਅਚਾਨਕ ਜੇ ਉਹਦਾ ਕੋਈ ਕੁਲੀਗ ਬੀਮਾਰ ਪੈ ਜਾਵੇ ਤਾਂ ਓਵਰ ਟਾਈਮ ਦੀ ਪ੍ਰਾਪਤੀ ਨੂੰ ਲੈਕੇ ਉਹ ਆਪਣੇ ਘਰ ਦੇ ਬਗਲ ਵਾਲੇ ਮੰਦਰ ਵਿਚ ਪਤਾਸਿਆਂ ਦਾ ਪ੍ਰਸਾਦ ਚੜ੍ਹਾਉਣਾ ਨਹੀਂ ਭੁੱਲਦਾ।

ਇਕ ਸਰਕਾਰੀ ਦਫਤਰ ਵਿਚ ਵੀਹ ਵਰ੍ਹਿਆਂ ਦੀ ਨੌਕਰੀ ਦੌਰਾਨ ਉਸਨੇ ਅਜ ਤੱਕ ਕਿਸੇ ਨੂੰ ਇਕ ਪਿਆਲੀ ਚਾਹ ਤੱਕ ਪੇਸ਼ ਨ ਕਰਨ ਦਾ ਰੀਕਾਰਡ ਤੋੜਿਆ ਹੈ। ਕਦੇ ਉਹ ਸੋਚ ਕੇ ਦੁਖੀ ਹੋ ਉਠਦਾ ਹੈ ਕਿ ਜੇ ਉਹਦੇ ਕਿਸੇ ਕੁਲੀਗ ਦਾ ਐਕਸੀਡੈਂਟ ਹੋ ਗਿਆ ਤਾਂ ਉਹਨੂੰ ਮਜਬੂਰ ਹੋਕੇ ਓਵਰ ਟਾਈਮ ਲਾਉਣਾ ਪੈ ਸਕਦਾ ਹੈ। ਉਸਨੂੰ ਇਸ ਗੱਲ ਦਾ ਵੀ ਰੰਜ ਹੈ ਕਿ ਉਹ ਆਪਣੀ ਜ਼ਿੰਦਗੀ ਦੇ ਚਾਰ ਦਹਾਕਿਆਂ ਵਿਚ ਕਦੇ ਕਿਸੇ ਖੁਸ਼ੀ ਜਾਂ ਗਮੀ ਵਿਚ ਸ਼ਾਮਲ ਨਹੀਂ ਹੋਇਆ। ਹਾਂ, ਲੜਕਿਆਂ ਦੀਆਂ ਸ਼ਾਦੀਆਂ ਉਹਨੂੰ ਜਰੂਰ ਖਿੱਚ ਪਾਉਂਦੀਆਂ ਹਨ ਪਰ ਕਿਸੇ ਲੜਕੀ ਦੀ ਸ਼ਾਦੀ ਵਿਚ ਸ਼ਾਮਲ ਹੋਣ ਦੀ ਉਹਦੀ ਕਿਸਮਤ ਰੇਖਾ ਗਾਇਬ ਹੈ।

ਉਹਦੇ ਲਈ ਆਪਣੇ ਹਿੱਪੀ ਟਾਈਪ ਇਕਲੌਤੇ-ਪੁੱਤਰ ਦੀਆਂ ਭਵਿਖ ਦੀਆਂ ਯੋਜਨਾਵਾਂ ਵੀ ਘਟ ਦੁਖਦਾਈ ਨਹੀਂ ਹਨ। ਕਦੇ ਉਹ ਮਾਰੂਤੀ ਪੈਟਰਨ ਤੇ ਜੂਨੀਅਰ ਸੰਜੇ ਗਾਂਧੀ ਬਣਨ ਦਾ ਸੁਪਨਾ ਵੀ ਲੈਂਦਾ ਰਿਹਾ ਹੈ।

Namdhari Elibrary NamdhariElibrary@gmail.com

ਅਜ ਕਲ ਲੋਕ-ਤੰਤਰ ਦੇ ਮੌਸਮ ਵਿਚ ਉਸਨੂੰ ਲੋਕ-ਤੰਤਰ ਦੀ ਰਖਿਆ ਦਾ ਦੁਖ ਸਤਾਉਣ ਲੱਗ ਪਿਆ ਹੈ ਅਤੇ ਇੰਦਰਾ-ਸਮਾਜਵਾਦ ਦੇ ਐਮਰਜੰਸੀ ਚੱਕਰ-ਵਿਊਹ 'ਚੋਂ ਸਹੀ ਸਲਾਮਤ ਨਿਕਲ ਆਉਣ ਤੋਂ ਬਾਦ ਵੀ ਪਤਾ ਨਹੀਂ ਉਹ ਕਿਉਂ ਦੁਖੀ ਹੈ।

ਬੁਧੀਜੀਵੀ ਬਨਾਮ ਸਰਕਾਰੀ ਕੁੱਤਾ

ਇਕ ਪ੍ਰੋਫੈਸਰ ਸਾਹਿਬ ਦੇ ਘਰ ਚੋਰੀ ਹੋ ਗਈ ਅਤੇ ਚੋਰ ਹਜ਼ਾਰਾਂ ਰੁਪਏ ਦਾ ਮਾਲ ਸਮੇਟ ਕੇ ਲੈ ਗਏ। ਘਰ ਵਾਲਿਆਂ ਦੀ ਅੱਖ ਖੁਲੀ ਤਾਂ ਅਲਮਾਰੀਆਂ ਖੁਲ੍ਹੀਆਂ ਦੇਖੀਆਂ। ਪਤਨੀ ਬੇਹੋਸ਼ ਹੋ ਗਈ ਕਿਉਂਕਿ ਸਾਰੇ ਗਹਿਣੇ ਤੇ ਸਾੜ੍ਹੀਆਂ ਗਾਇਬ ਸਨ। ਪ੍ਰੋਫੈਸਰ ਸਾਹਿਬ ਨੀਮ-ਬੇਹੋਸ਼ੀ ਦੀ ਹਾਲਤ ਵਿਚ ਆਪਣੇ ਆਪ ਨੂੰ ਅਗਿਆਨੀ ਮਹਿਸੂਸ ਕਰਨ ਲੱਗੇ ਕਿਉਂਕਿ ਉਹਨਾਂ ਨੂੰ ਗਿਆਨ ਦੇਣ ਵਾਲੀਆਂ ਕਿਤਾਬਾਂ ਗਾਇਬ ਸਨ।

ਪ੍ਰੋਫੈਸਰ ਸਾਹਿਬ ਕਿਉਂਕਿ "ਅਪਰਾਧ ਅਤੇ ਪੁਲਿਸ ਦੇ ਫਰਜ਼" ਉਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਬੋਲ ਸਕਦੇ ਸਨ, ਇਸ ਲਈ ਪੁਲਿਸ ਨੇ ਵੀ ਮੌਕੇ ਤੇ ਪੁੱਜਣ ਵਿਚ ਚੌਕਸੀ ਦਿਖਾਈ ਸੀ।

ਪੁਲਿਸ ਦਾ ਜਾਸੂਸੀ ਕੁੱਤਾ ਜਦੋਂ ਅਲਮਾਰੀ ਨੂੰ ਸੁੰਘ ਕੇ ਇਕ ਛਾਲ ਮਾਰਕੇ ਗੁਆਂਢੀਆ ਦੇ ਮਕਾਨ ਦੀ ਛੱਤ ਉਤੇ ਪਹੁੰਚ ਗਿਆ ਤਾਂ ਪੁਲਿਸ ਵਾਲਿਆਂ ਨੂੰ ਘਬਰਾਹਟ ਹੋਣੀ ਕੁਦਰਤੀ ਸੀ। ਕੁੱਤਾ ਸਿਧਾ ਸੁਰਾਖ ਵਲ ਜਾ ਰਿਹਾ ਸੀ। ਜਦੋਂ ਕੁੱਤਾ ਗੁਆਂਢੀਆਂ ਦੀ ਇਕ ਕੰਧ ਤੋਂ ਕੁੱਦਣ ਵਾਲਾ ਸੀ ਤਾਂ ਪੁਲਿਸ ਅਫਸਰ ਨੇ ਉਹਨੂੰ ਇਸ਼ਾਰੇ ਨਾਲ ਵਾਪਸ ਬੁਲਾ ਲਿਆ।

ਪ੍ਰੋਫੈਸਰ ਸਾਹਿਬ ਬੋਲੇ : "ਕੁੱਤਾ ਸੁਰਾਗ ਵਲ ਵਧ ਰਿਹਾ ਹੈ, ਤੁਸੀਂ ਉਹਨੂੰ ਰੋਕ ਰਹੇ ਹੋ।"

ਪੁਲਿਸ ਅਫਸਰ ਨੇ ਉਹਨਾਂ ਨੂੰ ਇਹ ਕਹਿਕੇ ਚੁੱਪ ਕਰਾ ਦਿਤਾ ਕਿ ਜਨਾਬ, ਇਹ ਜਰਮਨੀ ਤੋਂ ਮੰਗਵਾਇਆ ਗਿਆ ਕੀਮਤੀ ਕੁੱਤਾ ਹੈ। ਸਾਹਮਣੀ ਕੰਧ ਨੂੰ ਟਪਦਿਆਂ ਜੇ ਉਹ ਡਿਗ ਪਿਆ ਤਾਂ ਇਸ ਕੌਮੀ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੋਵੇਗਾ ? ●

ਕਹਾਣੀ

'ਇਹ ਤਸਵੀਰਾਂ'

—ਤਰਲੋਕ ਮਨਸੂਰ

ਇਹ ਤਸਵੀਰਾਂ ਪਹਿਲਾਂ ਮੇਰੀ ਐਲਬਮ ਵਿਚ ਲਗੀਆਂ ਹੋਈਆਂ ਸਨ, ਕੋਈ ਕਿਸੇ ਪੰਨੇ ਤੇ ਕੋਈ ਕਿਸੇ ਤੇ। ਵਿਚ ਵਿਚ ਹੋਰ ਪ੍ਰਵਾਰਕ, ਸਥਾਨਕ ਤੇ ਵਿਅਕਤੀਗਤ ਤਸਵੀਰਾਂ ਵੀ ਸਨ। ਐਲਬਮ ਮੇਰੇ ਬਕਸੇ ਵਿਚ ਰਹਿੰਦੀ ਸੀ। ਹੁਣ ਮੈਂ ਇਹਨਾਂ ਤਸਵੀਰਾਂ ਨੂੰ ਐਲਬਮ ਵਿਚੋਂ ਕਢਕੇ ਇਕ ਵਡੇ ਅਕਾਰ ਦੇ ਚੌਖਟੇ ਵਿਚ ਜੜ ਦਿਤਾ ਹੈ। ਕਰਮਵਾਰ ਹਰ ਇਕ ਦੇ ਥਲੇ ਨੰਬਰ ਲਾ ਦਿਤੇ ਹਨ, ਤੇ ਇਹ ਫਰੇਮ ਅਜਕਲ ਮੇਰੇ ਖਾਸ ਕਮਰੇ ਵਿਚ ਸ਼ੈਲਫ ਉਤੇ ਰਖਿਆ ਹੋਇਆ ਹੈ। ਇਹਨਾਂ ਤਸਵੀਰਾਂ ਦੀ ਕਹਾਣੀ ਤਿਨ ਲਮੇਂ ਸਾਲਾਂ ਉਤੇ ਫੈਲੀ ਹੋਈ ਹੈ, ਪਰ ਇੰਜ ਲਗਦਾ ਹੈ ਜਿਵੇਂ ਹੁਣੇ ਹੁਣੇ ਹੀ ਸਿਨਮਾ ਹਾਲ ਵਿਚੋਂ ਤਿਨਾਂ ਘੰਟਿਆਂ ਦੀ ਫਿਲਮ ਵੇਖ ਕੇ ਬਾਹਰ ਆਇਆ ਹੋਵਾਂ। ਹਰ ਘਟਨਾਂ ਸਪਸ਼ਟ ਤੇ ਤਾਜਾ ਲਗਦੀ ਹੈ, ਜਿਵੇਂ ਹੁਣੇਂ ਹੁਣੇਂ ਬੀਤੀ ਹੋਵੇ।

ਇਹ ਤਸਵੀਰ ਨੰਬਰ ਇਕ ਹੈ : —ਸਜਿਆ ਹੋਇਆ ਸ਼ਾਮਿਆਨਾਂ, ਕੁਰਸੀਆਂ ਉਤੇ ਬੈਠੇ ਮਹਿਮਾਨ, ਅਧਿਆਪਕ ਤੇ ਵਿਦਿਆਰਥੀ, ਸਾਹਮਣੇ ਪ੍ਰਦੇਸ਼ ਦੇ ਰਾਜਪਾਲ ਜੋ ਕਿ ਯੂਨੀਵਰਸਟੀ ਦੇ ਚਾਂਸਲਰ ਵੀ ਹਨ ਇਕ ਕੁੜੀ ਨੂੰ ਬੀ. ਏ. ਪਾਸ ਹੋਣ ਦੀ ਡਿਗਰੀ ਦੇ ਰਹੇ ਹਨ। ਰਾਜਪਾਲ ਦੀ ਤਕਣੀ ਵਿਚ ਸ਼ੁਭ ਇਛਾਵਾਂ ਤੇ ਅਸ਼ੀਰਵਾਦ ਦੇ ਭਾਵ ਹਨ। ਲੜਕੀ ਲਮੀਂ ਝਮੀਂ, ਪਤਲੀ, ਨਾਜ਼ਕ ਲਗਰ ਜਹੀ, ਪਤਲਾ ਲਮਾ ਨੱਕ, ਲਿਸ਼ਕਦਾ ਮਥਾ, ਅਦਬ ਵਿਚ ਥੋੜਾ ਝੁਕ ਕੇ ਡਿਗਰੀ ਦਾ ਗੋਲ ਕੀਤਾ ਹੋਇਆ ਪ੍ਰਮਾਣ ਪਤਰ ਫੜ ਰਹੀ ਹੈ। ਕੁੜੀ ਦੀਆਂ ਅਖਾਂ ਵਿਚ ਲਿਸ਼ਕ ਹੈ ਜਿਹੁ ਜਹੀ ਕਿਸੇ ਖਿਡਾਰੀ ਦੀ ਨਜ਼ਰਾਂ ਵਿਚ ਉਦੋਂ ਹੋਂਦੀ ਹੈ ਜਦੋਂ ਉਹ ਗੋਲ ਕਰਦਾ ਹੈ, ਤੇ ਦਰਸ਼ਕਾਂ ਦੀਆਂ ਨਜ਼ਰਾਂ ਉਸ ਉਤੇ ਕੇਂਦਰਿਤ ਹੋ ਜਾਂਦੀਆਂ ਹਨ। ਚੌਦਾਂ ਸਾਲਾਂ ਦੀ ਮਿਹਨਤ ਦਾ ਫਲ।

Namdhari Elibrary NamdhariElibrary@gmail.com

ਜ਼ਿੰਦਗੀ ਵਿਚ ਕੁਝ ਪਾ ਲੈਣ ਦੀ ਭਰਪੂਰ ਤਸੱਲੀ। ਇਹ ਕੁੜੀ ਮੇਰੀ ਬਚੀ ਹੈ – ਨੀਨਾ।

ਤਸਵੀਰ ਨੰਬਰ ਦੋ :— ਪਿਛੇ ਬੈਕ ਗਰਾਊਂਡ ਵਿਚ ਇਕ ਵਿਸ਼ਾਲ ਕੋਠੀ, ਸਾਹਮਣੇਂ ਲਾਨ ਵਿਚ ਦਰੀਆਂ ਵਿਛੀਆਂ ਹੋਈਆਂ ਹਨ, ਇਕ ਪਾਸੇ ਬਹੁਤ ਸਾਹੋ ਆਦਮੀਂ ਬੈਠੇ ਹੋਏ ਹਨ, ਇਕ ਪਾਸੇ ਔਰਤਾਂ। ਵਿਚਕਾਰ ਤੇਈਆਂ ਚੌਵੀਆਂ ਸਾਲਾਂ ਦਾ ਮੁੰਡਾ ਬੈਠਾ ਹੈ। ਗੋਰਾ ਨਿਛੋਹ ਮਨਮੋਹਣੇਂ ਨਕਸ਼, ਬਰੀਕ ਰੇਸ਼ਮੀ ਦਾੜ੍ਹੀ। ਸਿਰਤੋਂ ਚੌੜੀ ਅਗੋਂ ਖੜੀ ਨਵੇਂ ਫੈਸ਼ਨ ਦੀ ਪਗ ਬਨ੍ਹੀ ਹੋਈ ਹੈ। ਇਹ ਮੁੰਡਾ ਭਾਰੰਤ ਦੇ ਸਰਵਉਚ ਖਿਡਾਰੀਆ ਵਿਚੋਂ ਇਕ ਹੈ। ਪਿਛਲੇ ਸਾਲ ਏਸ ਲੰਮੀ ਛਾਲ ਦਾ ਕੌਮੀ ਰੀਕਾਰਡ ਤੋੜਿਆ ਸੀ। ਉਸਤੋਂ ਪਿਛਲੇ ਸਾਲ ਹੋਈਆਂ ਸਰਵ ਭਾਰਤੀ ਖੇਡਾਂ ਵਿਚ ਉਚੀ ਛਾਲ ਚੋਂ ਪਰਿਥਮ ਰਿਹਾ ਸੀ। ਇਹ ਚੰਡੀਗੜ ਗੁਰੂ ਗੋਬਿੰਦ ਸਿੰਘ ਕਾਲਜ ਚੋਂ ਬੀ. ਐਸ. ਸੀ. ਕਰਕੇ ਆਇਆ ਹੈ। ਅਜਕਲ ਆਪਣੇਂ ਫਾਰਮ ਉਤੇ ਖੇਤੀ ਕਰ ਰਿਹਾ ਹੈ। ਜੇਡਾ ਪਿਆਰਾ ਇਹ ਮੁੰਡਾ ਆਪ ਹੈ ਓਡਾ ਹੀ ਪਿਆਰਾ ਇਸਦਾ ਨਾਅ ਹੈ—ਕੁਲਦੀਪ।

ਮੁੰਡੇ ਦੇ ਨਾਲ ਹੀ ਬਚਿਆਂ ਦੀ ਜੁੜੀ ਭੀੜ ਅਗੇ ਬੈਠੇ ਹਨ ਕੁਲਦੀਪ ਦੇ ਪਿਤਾ—ਸ੍ਰ. ਪ੍ਰੀਤਮ ਸਿੰਘ ਜੀ। ਵੀਹ ਸਾਲ ਪਹਿਲਾਂ ਅਤਿ ਤੰਗੀ ਦੀ ਹਾਲਤ ਵਿਚ ਇਹ ਏਥੇ ਯੂ. ਪੀ. ਆਏ ਸਨ। ਆਪਣੀ ਮਿਹਨਤ, ਮਿਠ ਬੋਲੜੇ ਸੁਭਾਅ ਤੇ ਲੋਕਾਂ ਦੇ ਸ਼ੁਭ ਇਛਕ ਹੋਣ ਕਰਕੇ ਅਜ ਇਹ ਅੱਸੀ ਏਕੜਾਂ ਦੇ ਮਾਲਕ ਹਨ। ਏਥੋਂ ਦੀ ਗੰਨਾ ਸੋਸਾਇਟੀ ਦੇ ਅਧਿਅਕਸ਼ ਹਨ। ਹੁਣੇਂ ਹੁਣੇ ਗੌਰਮਿੰਟ ਕੋਲੋਂ ਇਕ ਸਹਿਕਾਰੀ ਚੀਨੀ ਮਿਲ ਲਾਣ ਦੀ ਮਨਜ਼ੂਰੀ ਲਿਆਏ ਹਨ। ਇਲਾਕੇ ਵਿਚ ਮਾਨ ਤੇ ਪ੍ਰਤਿਸ਼ਟਾ ਵਾਲੇ ਆਦਮੀ ਹਨ। ਲੜਕੇ ਦੇ ਸਾਹਮਣੇ ਇਹ ਮੈਂ ਬੈਠਾ ਹੋਇਆ ਹਾਂ। ਸਜੇ ਹੱਥ ਨਾਲ ਮੁੰਡੇ ਦੇ ਮੂੰਹ ਛੁਹਾਰਾ ਲਵਾ ਰਿਹਾ ਹਾਂ। ਪ੍ਰੀਤ ਲੜੀ ਵਿਚ ਇਸ਼ਤਿਹਾਰ ਦੇ ਕੇ, ਉਤਰ ਵਿਚ ਆਏ ਕੋਈ ਪੰਜਾਹ ਖਤਾਂ ਵਿਚੋਂ ਛਾਣ ਬੀਣ ਕਰਕੇ, ਕੁੜੀ ਮੁੰਡੇ ਦੀ ਰਜ਼ਾਮੰਦੀ ਤੋਂ ਬਾਅਦ ਮੈਂ ਇਕ ਵਿਰਲਿਆਂ ਵਿਚੋਂ ਵਿਰਲੇ ਸਜਨ ਲਭੇ ਹਨ।

ਜ਼ਨਾਨੀਅ ਵਾਲੇ ਪਾਸੇ ਇਕ ਔਰਤ ਤੇ ਦੋ ਕੁੜੀਆਂ ਖੜੀਆਂ ਹਨ। ਔਰਤ ਮੇਰੀ ਬਚੀ ਦੀ ਸੱਸ ਹੈ, ਕੁੜੀਆਂ ਨਨਾਣਾਂ। ਦੋਵੇਂ ਇੰਟਰ ਦੀਆ ਵਿਦਿਆਰਥਣਾਂ। ਦੋਵੇਂ ਅਤਿ ਸਰਲ ਸੁਭਾ ਦੀਆਂ ਤੇ ਮਿਠੀਆਂ, ਦੋਵੇਂ ਅਤਿ ਸੁੰਦਰ ਗਾਉਂਦੀਆਂ, ਦੋਵੇਂ ਬੁਰਸ਼ ਤੇ ਰੰਗਾਂ ਦੀਆਂ ਕਲਾਕਾਰਾਂ।

ਮੇਰੀ ਬਚੀ ਕਵਿਤਾ ਲਿਖਦੀ ਹੈ। ਸੰਗੀਤ, ਫੁਲ, ਪੁਸਤਕਾਂ, ਪ੍ਰਸਿਧ ਕਲਾਕਾਰ ਹਥਾਂ ਦੇ ਬਣੇ ਚਿਤਰ, ਮੇਰੀ ਬਚੀ ਦੇ ਅਤਿ ਪਿਆਰੇ ਸ਼ੌਕ ਹਨ। ਇਹ ਸਭੋ ਕੁਝ ਏਸ ਘਰ ਵਿਚ ਮੌਜੂਦ ਹੈ।

ਮੈਂ ਮੁੰਡੇ ਦੇ ਮੂੰਹ ਛੁਹਾਰਾ ਲੁਆ ਰਿਹਾ ਹਾਂ, ਤੇ ਮੇਰੀ ਹਿਕ ਖੁਸ਼ੀਆਂ ਨਾਲ ਭਰੀ ਪਈ ਹੈ। ਮੇਰੀਆਂ ਅਖਾਂ ਮਾਣ-ਮੱਤੀਆਂ ਹਨ। ਮੇਰੀਆਂ ਲਹੂ-ਨਾਲੀਆ ਵਿਚ ਏਸ ਵੇਲੇ ਮਾਨੋ ਲਹੂ ਨਹੀਂ ਸਰੂਰ ਵਹਿ ਗਿਆ ਹੈ। ਏਸ ਭਰਪੂਰ ਖੁਸ਼ੀ ਦੀ ਕੋਈ ਤੁਲਨਾ ਨਹੀਂ। ਮਨ ਮਰਜ਼ੀ ਦੇ ਸਾਕ ਮਿਲਨੇ, ਉਹ ਵੀ ਸਾਡੇ ਜਟਕੇ ਸਮਾਜ ਵਿਚ? ਪ੍ਰਮਾਤਮਾ ਇਹ ਖੁਸ਼ੀ ਸਭ ਨੂੰ ਦੇਹ।

ਤਸਵੀਰ ਨੰਬਰ ਤਿੰਨ :—ਪਿਛੇ ਮੇਰੇ ਘਰ ਦਾ ਜਾਲੀਦਾਰ ਬਰਾਂਡਾ ਨਜ਼ਰ ਆ ਰਿਹਾ ਹੈ। ਸਾਹਮਣੇ ਵੇਹੜੇ ਵਿਚ ਸ਼ਾਮਿਆਨੇ ਲਗੇ ਹੋਏ ਹਨ। ਵਿਚਕਾਰ ਗੁਰੂ ਗ੍ਰੰਥ ਸਾਹਬ ਦਾ ਪ੍ਰਕਾਸ਼ ਹੈ। ਤਾਬਿਆ ਬੈਠੇ ਸਫੇਦ ਦਾੜ੍ਹੀ ਵਾਲੇ ਬਜ਼ੁਰਗ ਚੌਰ ਕਰ ਰਹੇ ਹਨ। ਮਹਾਰਾਜ ਦੀ ਹਜ਼ੂਰੀ ਵਿਚ ਤਲਾਈ ਉਤੇ ਵਿਛੀ ਚਿਟੀ ਚਾਦਰ ਤੇ ਮੇਰਾ ਜੁਆਈ ਤੇ ਮੇਰੀ ਬਚੀ ਬੈਠੇ ਹਨ। ਨੀਨਾ ਰੱਤੇ ਸਾਲੂ ਵਿਚ ਵਲ੍ਹੇਟੀ ਹੋਈ ਹੈ। ਲਮਾਂ ਘੁੰਡ ਹੈ, ਉਸ ਪਿਛੇ ਉਸਦੀ ਭਰਜਾਈ ਤੇ ਹੋਰ ਸਹੇਲੀਆਂ ਬੈਠੀਆਂ ਹਨ। ਕੁਲਦੀਪ ਦਾ ਸਿਹਰਾ ਵਧਾ ਦਿਤਾ ਗਿਆ ਹੈ। ਉਹਦਾ ਗੋਰਾ ਗੁਲਾਬ ਮੁਖ ਡਲ੍ਹਕ ਰਿਹਾ ਹੈ। ਆਪਣੀ ਬਚੀ ਨੂੰ ਮੈਂ ਉਸਦਾ ਪਲਾ ਫੜਾ ਦਿਬਾ ਹੈ। ਆਪ ਪਿਛੇ ਹਟਕੇ ਬੈਠਾ ਹੋਇਆ ਹਾਂ। ਮੇਰੇ ਕੰਨਾਂ ਵਿਚ ਜੰਜ ਦੇ ਢੁਕਾ ਵੇਲੇ ਇਕਠੀਆਂ ਹੋਈਆਂ ਤ੍ਰੀਮਤਾਂ ਵਲੋਂ ਆਖੇ ਗਏ ਬੋਲ ਗੂੰਜ ਰਹੇ ਹਨ : —"ਕਿਸਮਤਾਂ ਵਾਲੀ ਨੀਨਾਂ ਧੀ" "ਸਾਰੀ ਉਮਰ ਲਭਦੇ ਰਹੀਏ ਤਾਵੀਂ ਏਡਾ ਸੁਹਣਾ ਮੁੰਡਾ ਨਾਂਹ ਲਭੇ" "ਭਰਾ ਜੀ ਕਿਥੋਂ ਲਭ ਲਿਆਏ ਏਡਾ ਸੁਹਣਾ ਮੁੰਡਾ?" "ਸਾਡੇ ਵੇਖਣ ਵਿਚ ਤੇ ਅਗੇ ਅਜੇਤਕ ਏਡਾ ਸੋਹਣਾ ਮੁੰਡਾ ਨਹੀਂ ਢੁਕਾ।"

ਮੈਂ ਖੁਸ਼ੀ ਨਾਲ ਨਕੋ ਨਕ ਭਰਿਆ ਸੋਚ ਰਿਹਾ ਹਾਂ, ਲੋਕੋ ਨਿਰਾ ਇਹਦੇ ਹੁਸਨ ਤੇ ਹੀ ਰੀਝ ਗਏ ਹੋ, ਜੇ ਕਿਤੇ ਤੁਹਾਨੂੰ ਇਹਦੇ ਅੰਦਰਲੇ ਗੁਣਾ ਦਾ ਪਤਾ ਲਗ ਜਾਵੇ, ਤਾਂ?

ਤਸਵੀਰ ਨੰ: ਚਾਰ :—ਬਰਾਂਡੇ ਵਿਚ ਪਲੰਘ ਡਠਾ ਹੋਇਆ ਹੈ, ਉਤੇ ਜੁਆਈ ਬੈਠਾ ਹੈ। ਕੋਲ ਨੀਨਾਂ ਦੀ ਮਾਂ

Namdhari Elibrary NamdhariElibrary@gmail.com

ਬੈਠੀ ਹੈ, ਮੂੰਹ ਉਤੇ ਨਵੀਂ ਨਵੀਂ ਬਣੀ ਸੱਸ ਦਾ ਚਾਅ ਹੈ। ਹਾਸਾ ਹੈ ਕਿ ਥਮਿਆ ਨਹੀਂ ਥਮ ਰਿਹਾ. ਬਸ ਹਸੀ ਜਾ ਰਹੀ ਹੈ। ਮਾਮੀਆਂ, ਫੂਫੀਆਂ, ਤਾਈਆਂ, ਚਾਚੀਆਂ ਤੇ ਮਾਸੀਆਂ ਮੁੜੇ ਦੀ ਝੋਲੀ ਸ਼ਗਨ ਪਾ ਰਹੀਆਂ ਹਨ। ਸੱਸ ਦੀ ਝੋਲੀ ਵਧਾਈਆਂ ਨਾਲ ਭਰੀ ਜਾ ਰਹੀਆਂ ਹਨ। ਠੱਠੇ ਮਸਖਰੀਆਂ, ਮਖੌਲ, ਲੂਣੀਆਂ ਮਿਸੀਆਂ, ਵਿਚ ਵਿਚ ਕੌੜੀ ਮਿਠੀ ਜਹੀ ਗਾਲ੍ਹ। ਆਹ! ਅਜਬ ਖੁਸ਼ੀਆਂ ਭਰਿਆ, ਮਾਹੌਲ ਹੈ। ਏਸ ਵਕਤ ਸੱਸ ਦੀ ਖੁਸ਼ੀ ਨੂੰ ਕੌਣ ਨਾਪੇ? ਕੌਣ ਤੋਲੇ? ਸੱਸ ਬਣਨਾ ਕੇਡਾ ਵਡਾ ਵਰਦਾਨ ਹੈ ਔਰਤ ਲਈ?

ਤਸਵੀਰ ਨੰ : ਪੰਜ : – ਨੈਨੀਤਾਲ ਦੀ ਝੀਲ ਵਿਚ ਤਰਦੀਆਂ ਕਿਸ਼ਤੀਆਂ. ਰੰਗ ਬਰੰਗੇ ਬਾਦਬਾਨ, ਪਿਛੇ ਅਲਕਾ ਹੋਟਲ ਨਜ਼ਰ ਆ ਰਿਹਾ ਹੈ, ਜਿਥੇ ਕੁਲਦੀਪ ਤੇ ਨੀਨਾਂ ਠਹਿਰੇ ਹੋਏ ਹਨ। ਝੀਲ ਵਿਚ ਇਕ ਕਿਸ਼ਤੀ ਵਿਚ ਦੋਵੇਂ ਸਵਾਰ ਹਨ। ਗ੍ਰਿਸਤੀ ਜੀਵਨ ਦੇ ਨਵੇਂ ਬਣੇ ਦੋ ਪਾਂਧੀ. ਗੁਆਚ ਗਏ ਹਨ। ਵੇਖਣ ਨੂੰ ਦੋ ਬੁਤ, ਰੂਹ ਇਕ। ਕੁਲਦੀਪ ਦੇ ਹੋਠਾਂ ਉਤੇ ਬੰਸਰੀ ਹੈ। ਜਿਸਦਾ ਕਿ ਉਹ ਬੜਾ ਚੰਗਾ ਵਾਦਕ ਹੈ। ਨੀਨਾਂ ਦੀਆਂ ਨਜ਼ਰਾਂ ਵਿਚ ਪ੍ਰਸੰਸਾ ਹੈ। ਵਾਹ! ਤੇਰੇ ਬਲਿਹਾਰੇ.........

ਨੰ: ਛੇ: ਦੋਵੇਂ ਕਿਸੇ ਬਾਗ ਦੇ ਏਕਾਂਤ ਕੋਨੇ ਵਿਚ ਪਏ ਇਕ ਬੈਂਚ ਤੇ ਬੈਠੇ ਹਨ। ਨਜ਼ਰਾਂ ਵਿਚ ਕੁਝ ਪਾ ਲੈਣ ਦੀ ਕੁਝ ਲਭ ਲੈਣ ਦੀ ਪੂਰਨਤਾ ਭਰੀ ਲਿਸ਼ਕ।

ਨੰ: ਸੱਤ: ਨਦੀ ਦਾ ਕੰਢਾ, ਦੋ ਪਥਰਾਂ ਉਤੇ ਦੋਵੇਂ ਬੈਠੇ ਹੋਏ। ਨਜ਼ਰਾਂ ਵਿਚ ਆਸਾਂ ਭਰੇ ਭਵਿਖ ਦੀ ਝਾਕੀ।

ਨੰ: ਅੱਠ: ਨੀਨਾਂ ਦਾ ਸਹੁਰਾ ਘਰ। ਕੋਠੇ ਉਤੇ ਉਹਦੇ ਨਿਜੀ ਚੁਬਾਰੇ ਦੇ ਸਾਹਮਣੇ ਇਕ ਸਟੂਲ ਉਤੇ ਬੈਠੀ ਉਹ ਆਪਣੇ ਦੋ ਮਹੀਨੇ ਦੇ ਬਚੇ ਵਿਲੀ ਨੂੰ ਦੁਧ ਪਿਆ ਰਹੀ ਹੈ। ਇਸ ਤਸਵੀਰ ਨੂੰ ਵੇਖਦਾ ਹਾਂ ਤਾਂ ਮੈਂ ਮੰਤਰ ਮੁਗਧ ਹੋ ਜਾਂਦਾ ਹਾਂ ਜ਼ਿੰਦਗੀ ਦੀ ਸਭ ਤੋਂ ਵਧ ਹੁਸੀਨ ਝਾਕੀ ਇਕ ਮਾਂ ਦਾ ਆਪਣੇ ਬਚੇ ਨੂੰ ਦੁਧ ਪਿਆਉਣਾ ਹੈ। ਮਾਂ ਲਈ ਜ਼ਿੰਦਗੀ ਦਾ ਅਤਿ ਹੁਸੀਨ ਸੁਪਨਾ ਸਾਕਾਰ ਹੁੰਦਾ ਹੈ। ਬਚੇ ਨੂੰ ਗੋਦ ਵਿਚ ਲੈ ਕੇ ਉਹ ਸਹੀ ਅਰਥਾਂ ਵਿਚ ਔਰਤ ਬਣਦੀ ਹੈ। ਭਰਪੂਰ ਹੁੰਦੀ ਹੈ। ਪਰਮ ਅਨੰਦ ਨੂੰ ਮਾਣਦੀ ਹੈ। ਉਹਦੇ ਅੰਦਰ ਮਮਤਾ ਦੀ ਨਦੀ ਕੰਢਿਆ ਤਕ ਸ਼ਾਂਤ ਅਡੋਲ ਵਗਦੀ ਹੈ। ਨੀਨਾਂ ਸਾਹਮਣੇ ਵੇਖ ਰਹੀ ਹੈ ਤੇ ਮੁਸਕਰਾ ਰਹੀ, ਜਿਵੇਂ ਕਹਿ ਰਹੀ ਹੋਵੇ। "ਇਹ ਮੇਰਾ ਬੱਚਾ ਹੈ।"

ਨੰ: ਨੋਂ: ਫੈਮਲੀ ਦੀ ਗਰੁਪ ਫੋਟੋ। ਕੁਲਦੀਪ ਤੇ ਨੀਨਾਂ ਖੜੇ ਹਨ। ਨੀਨਾਂ ਦੇ ਕੁਛੜ ਵਿਲੀ ਹੈ। ਤਿੰਨਾਂ ਨੇ ਮੂੰਹ ਇਕ ਦੂਜੇ ਦੇ ਨੇੜੇ ਕੀਤੇ ਹੋਏ ਹਨ। ਅਖਾਂ ਆਖ ਰਹੀਆਂ ਹਨ, ਅਸੀਂ ਇਕ ਹਾਂ......ਅਸੀਂ ਇਕ ਹਾਂ...... ਸਾਨੂੰ ਕੌਣ ਨਖੇੜ ਸਕਦਾ ਹੈ?

ਤਸਵੀਰ ਨੰ: ਦਸ: ਇਹ ਤਸਵੀਰ ਏਸ ਫਰੇਮ ਵਿਚ ਨਹੀਂ ਮੇਰੇ ਮਨ ਦੇ ਚੌਖਟੇ ਵਿਚ ਜੜੀ ਹੋਈ ਹੈ। ਪਰ ਨਹੀਂ ਮਨ ਵਿਚ ਝਾਤੀ ਮਾਰਨ ਲਈ ਵੀ ਅਖਾਂ ਨੂੰ ਅੰਦਰ ਵਲ ਮੋੜਨਾ ਪੈਂਦਾ ਹੈ, ਇਹ ਤਸਵੀਰ ਮੇਰੀਆਂ ਅੱਖਾਂ ਵਿਚ ਹੀ ਜੜੀ ਗਈ ਹੈ।

ਨੀਨਾ ਦਾ ਸਹੁਰਾ ਘਰ। ਝੀਲ ਦੇ ਕੰਢੇ ਉਗੀਆਂ ਕੁਰੀ ਦੀਆਂ ਝਾੜੀਆਂ। ਸੁਨਸਾਨ ਬੀਆਬਾਨ।

ਝਾੜੀਆਂ ਤੋਂ ਉਰੇ ਬਲਕੇ ਬੁਝ ਚੁਕੀ ਇਕ ਚਿਤਾ ਹੈ। ਇਕ ਲਕੜ ਅਜੇ ਵੀ ਧੁਖ ਰਹੀ ਹੈ। ਸੁਆਹ ਰਾਤ ਦੀਆਂ ਪਈਆਂ ਕਣੀਆਂ ਨਾਲ ਝੋਂਅ ਗਈ ਹੈ। ਜਿਧਰ ਮੈਂ ਬੈਠਾ ਹਾਂ, ਏਧਰ ਨੀਨਾਂ ਦੀ ਖੋਪਰੀ ਦੋ ਫਾੜ ਹੋਈ ਪਈ। ਔਹ ਕਨਕੌੜ ਦੀ ਹਡੀ ਹੈ, ਔਹ ਲਤਾਂ ਹਨ. ਔਹ ਬਾਹਾਂ।

ਸੁਆਹ ਦੀ ਢੇਰੀ, ਮੁਠ ਕੁ ਹਡੀਆਂ, ਇਕ ਧੁਖਦੀ ਹੋਈ ਲਕੜ।

ਚਿਤਾ ਮੇਰੀ ਹਿਕ ਅੰਦਰ ਬਲ ਰਹੀ ਹੈ। ਮੈਂ ਅਵਾਕ ਬੈਠਾਂ ਹਾਂ, ਅਖਾਂ ਪਥਰਾ ਗਈਆਂ ਹਨ।

ਕਲ ਰਾਤ ਦਿਲ ਫੇਲ੍ਹ ਹੋ ਗਿਆ ਸੀ, ਪਲਾਂ ਵਿਚ ਤਸਵੀਰਾਂ ਦੀ ਕਹਾਣੀ ਸਮੇਟੀ ਗਈ। ਸਾਨੂੰ ਲੈਣ ਲਈ ਜੀਪ ਘਲ੍ਹੀ ਗਈ ਸੀ। ਦੂਰ ਦਾ ਸਫਰ। ਰਾਹ ਵਿਚ ਜੀਪ ਦਾ ਵਿਗੜ ਜਾਣਾਂ। ਅਸੀਂ ਰਾਤ ਤਕ ਨਹੀਂ ਸਾਂ ਪੁਜ ਸਕੇ। ਉਡੀਕ ਕੇ ਸਸਕਾਰ ਕਰ ਦਿਤਾ ਗਿਆ।

ਨੀਨਾਂ ਦੀ ਮਾਂ ਦੇ ਵੈਣ......ਉਸ ਚਿਤਾ ਦੀ ਸੁਆਹ ਮੁਠ ਭਰਕੇ ਆਪਣੇ ਵਾਲਾਂ ਵਿਚ ਪਾ ਲਈ ਹੈ। ਧੁਖਦੀ ਲਕੜ ਦੀ ਮਾਰੂ ਅੱਗ ਨੂੰ ਸਾਰੀ ਉਮਰ ਧੁਖਦੇ ਰਹਿਣ ਲਈ ਉਸ ਆਪਣੇ ਅੰਦਰ ਰਚਾ ਲਿਆ ਹੈ।

ਮੇਰੇ ਕੁੜਮ ਦਾ ਹਥ ਮੇਰੇ ਮੋਢੇ ਉਤੇ ਹੈ। ਉਹ ਕਹਿ ਰਿਹਾ ਹੈ :—ਸ੍ਰ ਸਾਹਬ ਮਹਾਰਾਜ ਦਾ ਭਾਣਾਂ ਮਨੋਂ, ਜ਼ਿੰਦਗੀ ਕੇ ਸਫਰ ਮੇਂ ਗੁਜ਼ਰ ਜਾਤੇ ਹੈਂ ਜੋ ਮੁਕਾਮ, ਵੁਹ ਫਿਰ ਨਹੀਂ ਆਤੇ!

Namdhari Elibrary NamdhariElibrary@gmail.com

ਸੱਪ: ਇਕ ਕੀਮਤੀ ਜਾਨਵਰ

—ਅਨੁ: ਦਲਬੀਰ

ਜਦੋਂ ਅਸੀਂ ਕਿਸੇ ਧੋਖੇਬਾਜ਼ ਬੰਦੇ ਦਾ ਜ਼ਿਕਰ ਕਰਨ ਸਮੇਂ ਉਸ ਨੂੰ "ਘਰ ਵਿਚ ਲੁਕਿਆ ਸੱਪ" ਆਖਦੇ ਹਾਂ ਤਾਂ ਉਸ ਸਮੇਂ ਅਸੀਂ ਸੱਪ ਨਾਲ ਬਹੁਤ ਵੱਡਾ ਅਨਿਆਂ ਕਰ ਰਹੇ ਹੁੰਦੇ ਹਾਂ। ਕਿਉਂਕਿ ਸੱਪ ਦਰਅਸਲ ਬਹੁਤ ਹੀ ਪੁਰਅਮਨ ਜਾਨਵਰ ਹਨ, ਪਰ ਉਹ ਆਦਮੀ ਦੇ ਮਾਰੂ ਸੁਭਾਅ ਤੋਂ ਪੂਰੀ ਤਰ੍ਹਾਂ ਸੁਚੇਤ ਹਨ। ਸੱਪ ਸੁੰਦਰ ਵੀ ਬਹੁਤ ਹੁੰਦੇ ਹਨ—ਨਹੀਂ ਤਾਂ ਸੱਪ ਦੀ ਚਮੜੀ ਦੀਆਂ ਬਣੀਆ ਫੈਸ਼ਨ-ਵਸਤਾਂ ਦੀ ਏਨੀ ਜ਼ਿਆਦਾ ਮੰਗ ਕਿਉਂ ਹੁੰਦੀ ?

ਅਜਕਲ ਜਿਸ ਤਰ੍ਹਾਂ ਦੇ ਸੱਪ ਦਿਖਾਈ ਦਿੰਦੇ ਹਨ, ਉਹ ਲਖਾਂ ਸਾਲਾਂ ਤੋਂ ਰੂਪ ਬਦਲਦੇ ਆ ਰਹੇ ਹਨ ਅਤੇ ਸਤ ਕਰੋੜ ਸਾਲ ਪਹਿਲਾਂ ਦੇ ਵੱਡੇ ਵੱਡੇ ਘਿਸੜਣ ਵਾਲੇ ਉਨ੍ਹਾਂ ਜਾਨਵਰਾਂ ਦੀ ਸੰਤਾਨ ਹਨ, ਜਿਨ੍ਹਾਂ ਦਾ ਅਜਕਲ ਖੁਰਾ ਖੋਜ ਵੀ ਨਹੀਂ ਲਭਾ। ਸੱਪ, ਜ਼ਮੀਨ ਉਤੇ ਪੇਟ ਦੇ ਬਲ, ਘਿਸੜਣ ਵਾਲੇ ਜਾਨਵਰਾਂ ਦੇ ਵਰਗ ਵਿਚ ਆਉਂਦੇ ਹਨ। ਕੱਛੂ ਕੁੰਮੇ, ਮਗਰਮੱਛ, ਕੋਹੜ ਕਿਰਲੇ ਅਤੇ ਕਿਰਲੀਆਂ ਆਦਿ ਇਸੇ ਸ਼੍ਰੇਣੀ ਵਿਚੋਂ ਹਨ। ਸੰਸਾਰ ਭਰ ਵਿਚ ਸੱਪਾਂ ਦੀਆਂ 2500 ਤੋਂ ਵੱਧ ਕਿਸਮਾਂ ਮਿਲਦੀਆਂ ਹਨ। ਇੱਕਲੇ ਭਾਰਤ ਵਿਚ ਹੀ 250 ਕਿਸਮਾਂ ਦੇ ਸੱਪ ਹੁੰਦੇ ਹਨ।

ਭਾਰਤ ਵਿਚ ਮਿਲਦੇ ਜ਼ਮੀਨ ਉਤੇ ਰਹਿਣ ਵਾਲੇ ਸੱਪਾਂ ਵਿਚੋਂ ਬਹੁਤ ਘੱਟ ਸੱਪ ਜ਼ਹਿਰੀਲੇ ਹੁੰਦੇ ਹਨ ਅਤੇ ਉਨ੍ਹਾਂ ਵਿਚੋਂ ਵੀ ਸਿਰਫ ਚਾਰ ਕਿਸਮਾਂ ਹੀ ਦੇਸ਼ ਭਰ ਵਿਚ ਮਿਲਦੀਆਂ ਹਨ। ਇਹ ਕਿਸਮਾਂ ਹਨ : ਫਨੀਅਰ, ਕਰੇਟ, ਵਾਈਪਰ ਤੇ ਰੱਸਲ ਵਾਈਪਰ। ਸਮੁੰਦਰ ਵਿਚ ਮਿਲਣ ਵਾਲੇ ਸੱਪਾਂ ਦੀਆਂ ਬਹੁਤੀਆਂ ਕਿਸਮਾਂ ਜ਼ਹਿਰੀ ਹੁੰਦੀਆਂ ਹਨ, ਪਰ ਉਨ੍ਹਾਂ ਤੋਂ ਖਤਰਾ ਸਿਰਫ ਮਾਛੀਆਂ ਨੂੰ ਹੀ ਹੋ ਸਕਦਾ ਹੈ ਕਿਉਂਕਿ ਇਹ ਸੱਪ ਧਰਤੀ ਉਤੇ ਨਹੀਂ ਆਉਂਦੇ ਸਮੁੰਦਰੀ ਸੱਪ ਮਨੁਖ ਉਤੇ ਬਹੁਤ ਘੱਟ ਹਮਲਾ ਕਰਦੇ ਹਨ।

ਸਾਰੇ ਸੱਪ ਮਾਸਾਹਾਰੀ ਹਨ ਅਤੇ ਜਿਉਂਦੇ ਸ਼ਿਕਾਰ ਦਾ ਭੋਜਨ ਕਰਦੇ ਹਨ। ਵੱਡੇ ਸੱਪ ਚੂਹੇ ਖਾਂਦੇ ਹਨ, ਜਦ ਕਿ ਛੋਟੇ ਸੱਪ ਹੋਰ ਛੋਟੇ ਜਾਨਵਰ, ਛੋਟੇ ਪੰਛੀ, ਕਿਰਲੀਆਂ ਅਤੇ ਡੱਡੂ ਖਾ ਜਾਂਦੇ ਹਨ। ਸੱਪ ਉਨ੍ਹਾਂ ਕੀੜੇ ਮਕੌੜਿਆਂ ਨੂੰ ਵੀ ਖਾ ਜਾਂਦੇ ਹਨ ਜਿਹੜੇ ਫਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਕੁਝ ਸੱਪ ਹੁਣ ਬਨਸਪਤੀ ਵੀ ਖਾਣ ਲਗ ਪਏ ਹਨ। ਅਫਰੀਕਾ ਦੇ ਇਕ ਸੱਪ ਦੀ ਖੁਰਾਕ ਦਾ ਇਕ ਵੱਡਾ ਭਾਗ ਆਂਡਿਆ ਦਾ ਹੁੰਦਾ ਹੈ।

ਫਨੀਅਰ ਵਰਗੇ ਕੁਝ ਸੱਪ ਮੁਖ ਤੌਰ ਤੇ ਛੋਟੇ ਸੱਪਾਂ ਉਤੇ ਗੁਜ਼ਾਰਾ ਕਰਦੇ ਹਨ ਜਿਹੜੇ ਜ਼ਹਿਰੀਲੇ ਵੀ ਹੁੰਦੇ ਹਨ ਅਤੇ ਗੈਰ-ਜ਼ਹਿਰੀਲੇ ਵੀ। ਵੱਡੇ ਸੱਪ (ਸਰਾਲਾਂ) ਵਡੇ ਜਾਨ-ਵਰਾਂ ਨੂੰ ਕਾਬੂ ਕਰਕੇ ਖਾ ਜਾਂਦੇ ਹਨ ਅਤੇ ਛੋਟੇ ਸੂਰਾਂ ਅਤੇ ਹਿਰਨਾਂ ਨੂੰ ਸਮੁੱਚੇ ਦੇ ਸਮੁਚੇ ਨੂੰ ਖਾ ਸਕਦੇ ਹਨ। ਪਰ ਮਨੁਖ ਕਿਸੇ ਵੀ ਸੱਪ ਦੇ ਵਡੇ ਤੋਂ ਵਡੇ ਸ਼ਿਕਾਰ ਨਾਲੋਂ ਵੱਡਾ ਹੈ।

ਸੱਪਾਂ ਦੇ ਧਰਤੀ ਦੇ ਹੋਰ ਜੀਵਾਂ ਵਾਂਗ ਨਾ ਤਾਂ ਅੰਗ ਹਨ ਅਤੇ ਨਾ ਹੀ ਇਨ੍ਹਾਂ ਦੇ ਪੰਜੇ ਹੁੰਦੇ ਹਨ। ਇਸ ਕਰਕੇ ਇਹ ਆਪਣਾ ਸ਼ਿਕਾਰ ਮੂੰਹ ਨਾਲ ਫੜਦੇ ਹਨ। ਛੋਟੇ ਜਾਨਵਰਾਂ ਨੂੰ ਖਾਣ ਤੋਂ ਪਹਿਲਾਂ ਸੱਪ ਉਨ੍ਹਾਂ ਨੂੰ ਨਿੰਸਲ ਕਰ ਦੇਂਦੇ ਹਨ। ਜ਼ਹਿਰੀਲੇ ਸੱਪ ਅਜਿਹਾ ਆਪਣੇ ਦੰਦਾਂ ਰਾਹੀਂ ਜਾਨਵਰ ਦੇ ਸਰੀਰ ਵਿਚ ਜ਼ਹਿਰ ਛੱਡ ਕੇ ਕਰਦੇ ਹਨ। ਜ਼ਹਿਰ ਨਾਲ ਸੱਪ ਦਾ ਸ਼ਿਕਾਰ ਨਿੰਸਲ ਹੋ ਜਾਂਦਾ ਹੈ। ਸਰਾਲਾਂ ਵਰਗੇ ਕਈ ਬਿਨਾਂ ਜ਼ਹਿਰ ਵਾਲੇ ਸੱਪ ਸ਼ਿਕਾਰ ਦੁਆਲੇ ਆਪਣੇ ਆਪ ਨੂੰ ਲਪੇਟ ਲੈਂਦੇ ਹਨ ਅਤੇ ਉਨ੍ਹਾਂ ਦਾ ਸਾਹ ਘੁਟ ਕੇ ਮਾਰ ਦਿੰਦੇ ਹਨ ਅਤੇ ਬਾਦ ਵਿਚ ਉਨ੍ਹਾਂ ਨੂੰ ਖਾ ਲੈਂਦੇ ਹਨ। ਸੱਪਾਂ ਦਾ ਹੇਠਲਾ ਜਬਾੜਾ ਬਹੁਤ ਢਿਲੇ ਢੰਗ ਨਾਲ ਜੁੜਿਆ ਹੁੰਦਾ ਹੈ ਜਿਸ ਕਾਰਨ ਉਹ ਆਪਣੇ ਆਕਾਰ ਨਾਲੋਂ ਕਈ ਗੁਣਾਂ ਵਡੇ ਸ਼ਿਕਾਰ ਨੂੰ ਵੀ ਖਾਂ ਜਾਂਦੇ ਹਨ।

ਮਾਦਾ ਤੇ ਨਰ ਸੱਪ ਹੋਰ ਜਾਨਵਰਾਂ ਵਾਂਗ ਹੀ ਸੰਭੋਗ ਕਰਦੇ ਹਨ। ਸੱਪ ਦੀ ਕਿਸਮ ਤੇ ਨਿਰਭਰ ਕਰਦੇ ਹੋਏ ਮਦੀਨ ਜਾਂ ਤਾਂ ਆਂਡੇ ਦਿੰਦੀ ਹੈ ਤੇ ਜਾਂ ਜਿਊਂਦੇ ਸਪੋਲੀਆਂ ਨੂੰ ਹੀ ਜਨਮ ਦਿੰਦੀ ਹੈ। ਇਕ ਸੱਪਣੀ ਇਕ ਸਮੇਂ ਤੇ 6 ਤੋਂ 40 ਬਚਿਆਂ ਨੂੰ ਜਨਮ ਦੇ ਸਕਦੀ ਹੈ।

ਬਹੁਤ ਘੱਟ ਸੱਪ ਆਪਣੇ ਆਂਡਿਆਂ ਅਤੇ ਬਚਿਆਂ ਦੀ ਸੰਭਾਲ ਕਰਦੇ ਹਨ। ਫਨੀਅਰ ਸੱਪਣੀ ਆਂਡਿਆਂ ਦੇ ਲਾਗੇ ਰਹਿੰਦੀ ਹੈ ਅਤੇ ਉਹਨਾਂ ਦੀ ਰਾਖੀ ਕਰਦੀ ਹੈ। ਸੱਪ ਦੇ ਆਂਡੇ ਸੂਰਜ ਦੀ ਤਪਸ਼ ਅਤੇ ਗਲੀ ਸੜੀ ਬਨਸਪਤੀ ਨਾਲ

Namdhari Elibrary NamdhariElibrary@gmail.com

ਪੱਕਦੇ ਹਨ। ਸਪੋਲੀਏ ਜੰਮਦੇ ਸਾਰ ਹੀ ਆਪਣੀ ਸੰਭਾਲ ਆਪ ਕਰਨ ਲਗ ਪੈਂਦੇ ਹਨ।

ਭਾਰਤ ਦੇ ਬਹੁਤੇ ਸੱਪ ਆਕਾਰ ਵਿਚ ਛੋਟੇ ਜਾਂ ਦਰਮਿਆਨੇ ਹੁੰਦੇ ਹਨ। ਪਰ ਇਹ ਗੱਲ ਸਾਰੇ ਸੱਪਾਂ ਉਤੇ ਲਾਗੂ ਨਹੀਂ ਹੁੰਦੀ। ਫਨੀਅਰ ਦੀ ਲੰਬਾਈ ਅਠਾਰਾਂ ਫੁਟ ਤਕ ਹੋ ਸਕਦੀ ਹੈ ਅਤੇ ਇਹ ਸੰਸਾਰ ਦਾ ਸਭ ਤੋਂ ਜ਼ਹਿਰੀ ਸੱਪ ਹੈ। 30 ਫੁਟ ਲੰਬਾ ਸੱਪ ਭਾਰਤ ਵਿਚ ਬਹੁਤ ਘੱਟ ਮਿਲਦਾ ਹੈ ਅਤੇ ਇਹ ਬਰਮਾ ਦੀ ਸਰਹੱਦ ਦੇ ਲਾਗੇ ਆਸਾਮ ਦੇ ਕੁਝ ਭਾਗਾਂ ਵਿਚ ਹੀ ਹੁੰਦਾ ਹੈ।

ਸੱਪ ਦੀ ਉਮਰ 10 ਤੋਂ 20 ਸਾਲ ਤਕ ਹੁੰਦੀ ਹੈ। ਕਈ ਸੱਪ ਤਾਂ ਤੀਹ ਸਾਲ ਤਕ ਵੀ ਜਿਊਂਦੇ ਰਹਿੰਦੇ ਹਨ। ਸੱਪ ਬਿਨਾ ਖੁਰਾਕ ਤੋਂ ਕਈ ਮਹੀਨੇ ਕੱਟ ਸਕਦੇ ਹਨ।

ਕਿਉਂਕਿ ਭਾਰਤ ਵਿਚ ਜ਼ਹਿਰੀਲੇ ਸੱਪਾਂ ਦੀਆਂ ਕਿਸਮਾਂ ਬਹੁਤ ਘੱਟ ਹਨ, ਸੱਪਾਂ ਵਲੋਂ ਕੱਟੇ ਜਾਣ ਦੇ ਮੌਕੇ ਵੀ ਘੱਟ ਹਨ। ਜ਼ਹਿਰੀਲੇ ਸੱਪ ਵੀ ਓਨਾ ਚਿਰ ਮਨੁੱਖ ਜਾਂ ਪਸ਼ੂਆਂ ਉਤੇ ਹਮਲਾ ਨਹੀਂ ਕਰਦੇ ਜਿੰਨਾ ਚਿਰ ਉਹਨਾਂ ਨੂੰ ਤੰਗ ਨਾ ਕੀਤਾ ਜਾਵੇ। ਸੱਪ ਨਾ ਤਾਂ ਸੁੰਘ ਸਕਦੇ ਹਨ ਤ ਨਾ ਸੁਣ। ਪਰ ਉਹਨਾਂ ਦੀ ਨਜ਼ਰ ਬਹੁਤ ਤਿੱਖੀ ਹੁੰਦੀ ਹੈ ਤੇ ਦੋਸਾਂਗੇ ਵਰਗੀ ਜੀਭ ਦੀ ਮਦਦ ਨਾਲ ਉਹ ਜ਼ਮੀਨ ਤੋਂ ਮੁਸ਼ਕ ਦਾ ਬਹੁਤ ਆਸਾਨੀ ਨਾਲ ਪਤਾ ਲਾ ਲੈਂਦੇ ਹਨ। ਜੇਕਰ ਕਦੇ ਜ਼ਹਿਰੀਲੇ ਸੱਪ ਨਾਲ ਸਾਹਮਣਾ ਹੋ ਜਾਵੇ ਤਾਂ ਸਭ ਤੋਂ ਵਧੀਆ ਗੱਲ ਇਹੀ ਹੈ ਕਿ ਚੁੱਪ ਚਾਪ ਖੜੇ ਹੋ ਜਾਓ ਅਤੇ ਸੱਪ ਨੂੰ ਲੰਘ ਜਾਣ ਦਿਓ। ਇਸ ਢੰਗ ਨਾਲ ਸੱਪਾਂ ਦੇ ਕੱਟਣ ਦੀਆਂ ਘਟਨਾਵਾਂ ਬਹੁਤ ਘਟ ਜਾਣਗੀਆਂ।

ਜ਼ਹਿਰੀ ਸੱਪਾਂ ਦੇ ਕੱਟੇ ਦਾ ਸਿਰਫ ਇਕੋ ਇਲਾਜ ਹੈ — ਜ਼ਹਿਰ ਮਾਰ ਟੀਕਾ। ਗੈਰ ਜ਼ਹਿਰੀਲੇ ਸੱਪਾਂ ਦੇ ਕੱਟੇ ਦਾ ਇਲਾਜ ਐਂਟੀਸੈਪਟਿਕ ਨਾਲ ਕਰਨਾ ਚਾਹੀਦਾ ਹੈ। ਅਜਿਹੇ ਸੱਪ ਦਾ ਡੰਗ ਕੰਡੇ ਜਿੰਨਾ ਹੀ ਖਤਰਨਾਕ ਹੁੰਦਾ ਹੈ ਉਸ ਤੋਂ ਵਧ ਨਹੀਂ। ਬਹੁਤੇ ਲੋਕ ਸੱਪਾਂ ਬਾਰੇ ਅਨਜਾਣ ਹੁੰਦੇ ਹਨ ਅਤੇ ਵੱਖ ਵੱਖ ਕਿਸਮਾਂ ਦੇ ਫਰਕਾਂ ਦਾ ਪਤਾ ਨਹੀਂ ਲਾ ਸਕਦੇ। ਇਸ ਲਈ ਜਦੋਂ ਲੋਕਾਂ ਨੂੰ ਗੈਰ ਜ਼ਹਿਰੀ ਸੱਪ ਡੰਗਦੇ ਹਨ ਤਾਂ ਬਹੁਤੀ ਪਰੇਸ਼ਾਨੀ ਦੀ ਲੋੜ ਨਹੀਂ ਹੁੰਦੀ ਇਸ ਦਾ ਇਲਾਜ ਜ਼ਹਿਰ ਮਾਰ ਟੀਕੇ ਰਾਹੀਂ ਹੋ ਸਕਦਾ ਹੈ। ਕਈ ਵਾਰ ਤਾਂ ਅਜਿਹੇ ਤੋਂ ਬਿਨਾਂ ਵੀ ਬੰਦਾ ਬਚਿਆ ਰਹਿੰਦਾ ਹੈ। ਇਹ ਇਕ ਤੱਥ ਹੈ ਕਿ ਸੱਪ ਦੇ ਡੰਗਣ ਨਾਲ ਮਰਨ ਵਾਲੇ ਬਹੁਤੇ ਲੋਕ ਜ਼ਹਿਰ ਨਾਲ ਨਹੀਂ ਮਰਦੇ, ਸਗੋਂ ਦਹਿਲ ਕੇ ਹੀ ਮਰ ਜਾਂਦੇ ਹਨ।

ਬਹੁਤ ਸਾਰੇ ਕਾਰਨਾਂ ਕਰਕੇ ਸੱਪ ਬਹੁਤ ਕੀਮਤੀ ਚੀਜ਼ ਹਨ। ਪਹਿਲੀ ਗੱਲ ਤਾਂ ਇਹ ਕਿ ਸੱਪ ਦੇ ਜ਼ਹਿਰ ਦੀ ਜ਼ਹਿਰ ਮਾਰ ਟੀਕੇ ਲਈ ਵਰਤੋਂ ਕਰਨ ਤੋਂ ਬਿਨਾਂ ਕਈ ਕਿਸਮ ਦੀਆਂ ਹੋਰ ਜੀਵਨ-ਬਚਾਊ ਬਿਮਾਰੀਆਂ ਦੇ ਇਲਾਜ ਲਈ ਵੀ ਵਰਤੋਂ ਹੋ ਰਹੀ ਹੈ। ਅਜ ਕਲ੍ਹ ਸੱਪ ਦੇ ਜ਼ਹਿਰ ਦੀ ਕੀਮਤ ਬਹੁਤ ਜ਼ਿਆਦਾ ਹੋ ਗਈ ਹੈ।

ਇਸ ਤੋਂ ਬਿਨਾਂ ਸੱਪ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ ਮਕੌੜਿਆਂ ਦੇ ਵੀ ਦੁਸ਼ਮਣ ਹੁੰਦੇ ਹਨ। ਬਹੁਤ ਸਾਰੇ ਭਾਰਤੀ ਸੱਪ ਚੂਹਿਆਂ ਉਤੇ ਗੁਜ਼ਾਰਾ ਕਰਦੇ ਹਨ। ਚੂਹੇ ਭਾਰਤ ਦੇ ਬਹੁਤ ਵੱਡੇ ਦੁਸ਼ਮਣ ਹਨ। ਉਹ ਅੰਦਾਜ਼ਨ 16 ਫੀਸਦੀ ਖੜੀ ਫਸਲ ਅਤੇ 10 ਫੀਸਦੀ ਸਟੋਰ ਕੀਤੀ ਉਪਜ ਹਰ ਸਾਲ ਖਾ ਜਾਂਦੇ ਜਾਂ ਨਸ਼ਟ ਕਰ ਜਾਂਦੇ ਹਨ। ਏਨੇ ਅਨਾਜ ਨਾਲ 10 ਕਰੋੜ ਲੋਕਾਂ ਨੂੰ ਰੋਟੀ ਦਿਤੀ ਜਾ ਸਕਦੀ ਹੈ। ਸੱਪਾਂ ਦਾ ਮਹੱਤਵ ਇਸੇ ਗੱਲ ਤੋਂ ਲਗ ਜਾਂਦਾ ਹੈ ਕਿ ਜੇਕਰ ਚੂਹਿਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਪਲਣ ਦਿਤਾ ਜਾਵੇ ਤਾਂ ਇਕ ਸਾਲ ਵਿਚ ਚੂਹਿਆਂ ਦੇ ਇਕ ਜੋੜੇ ਦਾ ਪਰਿਵਾਰ 880 ਚੂਹਿਆਂ ਵਾਲਾ ਪਰੀਵਾਰ ਹੋ ਜਾਵੇਗਾ।

ਭਾਵੇਂ ਸੱਪ ਸਾਡੇ ਲਈ ਏਨੇ ਕੀਮਤੀ ਜਾਨਵਰ ਹਨ ਫਿਰ ਵੀ ਅਸੀਂ ਅਗਿਆਨਤਾ ਕਾਰਨ ਸੱਪਾਂ ਨੂੰ ਬੇਤਹਾਸ਼ਾ ਮਾਰੀ ਜਾਂਦੇ ਹਾਂ। ਸੱਪ ਦਾ ਵੱਡਾ ਦੁਸ਼ਮਣ ਉਸ ਦੀ ਖੱਲੜੀ ਦਾ ਵਪਾਰੀ ਹੈ। ਉਸ ਲਈ ਸੱਪ ਦੀ ਖੱਲੜੀ ਦਾ ਇਸ ਤੋਂ ਬਿਨਾਂ ਹੋਰ ਕੋਈ ਮਹੱਤਵ ਨਹੀਂ ਕਿ ਉਸ ਦੇ ਪੈਸੇ ਬਣਦੇ ਹਨ। ਸੱਪ ਦੀ ਖੱਲੜੀ ਤੋਂ ਬਣੀਆਂ ਵਸਤਾਂ ਵਾਲੀ ਮੰਡੀ ਵਿਚ ਮਾਲ ਭੇਜਣ ਲਈ ਵਪਾਰੀ ਲੋਕ ਸੱਪਾਂ ਨੂੰ ਮਾਰਦੇ ਚਲੇ ਜਾ ਰਹੇ ਹਨ ਅਤੇ ਚੂਹਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ।

ਹਿੰਦ ਸਰਕਾਰ ਨੇ ਹੁਣ ਸੱਪਾਂ ਅਤੇ ਸੱਪਾਂ ਦੀ ਖਲੜੀ ਦੀਆਂ ਵਸਤਾਂ ਬਾਹਰ ਭੇਜਣ ਉਤੇ ਪਾਬੰਦੀ ਲਾ ਦਿਤੀ ਹੈ। ਪਰ ਸਿਰਫ ਕਾਨੂੰਨ ਹੀ ਕਾਫੀ ਨਹੀਂ। ਜੇਕਰ ਇਹਨਾਂ ਵਪਾਰੀਆਂ ਤੋਂ ਸੱਪਾਂ ਨੂੰ ਬਚਾਉਣਾ ਹੈ ਤਾਂ ਸੱਪ ਦੀ ਖਲੜੀ ਤੋਂ ਬਣਨ ਵਾਲੀਆਂ ਚੀਜ਼ਾਂ ਦੀ ਮਾਰਕੀਟ 'ਚੋਂ ਮੰਗ ਹੀ ਖਤਮ ਕਰਨੀ ਪਵੇਗੀ।

ਸੱਪਾਂ ਨੂੰ ਦੂਜਾ ਖਤਰਾ ਸਾਡੇ ਅਗਿਆਨ ਲੋਕਾਂ ਤੋਂ ਹੈ ਉਹ ਹਰ ਸੱਪ ਵਿਚ ਆਪਣੀ ਮੌਤ ਦੇਖਦੇ ਹਨ। ਜੇਕਰ ਅਸਾਂ ਇਹਨਾਂ ਕੀਮਤੀ ਜਾਨਵਰਾਂ ਨੂੰ ਬਚਾਉਣਾ ਹੈ ਤਾਂ ਲੋਕਾਂ ਦੀ ਉਹਨਾਂ ਬਾਰੇ ਜਾਣਕਾਰੀ ਵਧਾਉਣੀ ਪਵੇਗੀ।

ਲੋਕਾਂ ਨੂੰ ਸੱਪਾਂ ਬਾਰੇ ਵਧੇਰੇ ਜਾਣਕਾਰੀ ਦੇਣ ਲਈ ਵਰਲਡ ਵਾਈਲਡ ਲਾਈਫ ਫੰਡ ਅਤੇ ਰੋਮੂਲ ਵਾਈਟੇਕਰ ਦੀ ਮਾਲੀ ਮਦਦ ਨਾਲ 1970 ਵਿਚ ਮਦਰਾਸ ਵਿਚ ਸੱਪਾਂ ਦਾ ਪਾਰਕ ਕਾਇਮ ਕੀਤਾ ਗਿਆ। ਇਸ ਪਾਰਕ ਦੇ ਸਟਾਫ ਦੇ ਮੈਂਬਰ ਤਾਮਿਲਨਾਡੂ ਦੇ ਮਸ਼ਹੂਰ ਇਰੂਲਾ ਕਬੀਲੇ ਨਾਲ ਸਬੰਧਤ ਹਨ। ਇਹ ਕਬੀਲਾਵਾਸੀ ਸੱਪ ਫੜਣ ਵਿਚ ਬਹੁਤ ਮਾਹਰ ਹਨ ਅਤੇ ਸੱਪਾਂ ਦੀ ਮਹੱਤਤਾ ਨੂੰ ਸਮਝਦੇ ਹਨ। ਹਰ ਮਹੀਨੇ ਲਗਪਗ 30000 ਲੋਕ ਪਾਰਕ ਦੇਖਣ ਜਾਂਦੇ ਹਨ ਅਤੇ ਸੱਪਾਂ ਦੇ ਰੋਲ ਬਾਰੇ ਪੂਰੀ ਜਾਣਕਾਰੀ ਹਾਸਲ ਕਰਦੇ ਹਨ, ਜ਼ਹਿਰੀਲੇ ਤੇ ਗੈਰ ਜ਼ਹਿਰੀਲੇ ਸੱਪਾਂ ਦੀ ਪਹਿਚਾਣ ਕਰਨਾ ਸਿਖਦੇ ਹਨ, ਉਨ੍ਹਾਂ ਦੀ ਸੁੰਦਰਤਾ ਦੀ ਪਰਸੰਸਾ ਕਰਦੇ ਹਨ ਅਤੇ ਕੁਦਰਤ ਵਿਚ ਉਨ੍ਹਾਂ ਦੇ ਰੋਲ ਦੀ ਸਰਾਹਨਾ ਕਰਦੇ ਹਨ।

ਇਸ ਲਈ ਜੇਕਰ ਤੁਹਾਨੂੰ ਕਦੇ ਅਜਿਹੇ ਸੱਪ ਨਾਲ ਵਾਹ ਪਵੇ ਜਿਹੜਾ ਆਪਣੇ ਆਪ ਵਿਚ ਮਸਤ ਜਾ ਰਿਹਾ ਹੋਵੇ ਤਾਂ ਉਸ ਨੂੰ ਬਿਲਕੁਲ ਨਾ ਛੇੜੋ ਤੇ ਚੇਤੇ ਰਖੋ ਕਿ ਜਿਉਂਦਾ ਉਹ ਸਾਡੇ ਲਈ ਕਿਤੇ ਵਧੇਰੇ ਕੀਮਤੀ ਜੀਵ ਹੈ।

(ਯੂਥ ਟਾਈਮਜ਼ ਚੋਂ ਧਨਵਾਦ ਸਹਿਤ)

Namdhari Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 269656
Phones : Office : 275938
Resi. : 213054

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS

WOODEN & STEEL FURNITURE

PLEASE CONTACT

NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006

Namdhari Elibrary NamdhariElibrary@gmail.com

ਗ਼ਜ਼ਲ

—ਗੁਰਭਜਨ ਸਿੰਘ ਨਾਮਧਾਰੀ

ਸਾਹਵੇਂ ਤੇਰੇ ਕੋਸ ਰਿਹਾ ਹਾਂ ਆਪਣੀਆਂ ਤਕਦੀਰਾਂ ਨੂੰ।
ਵਸਲਾਂ ਦਾ ਕੋਈ ਰੰਗ ਬਖਸ਼ ਦਏ ਇਸ਼ਕੇ ਦੀਆਂ ਲਕੀਰਾਂ ਨੂੰ।

ਸੈ ਵਾਰੀ ਮਨ ਮੋੜ ਲਿਆਂਦਾ ਤੇਰੀ ਗਲੀ ਦੇ ਕੋਨੇ ਤੋਂ
ਐਪਰ ਪੀਢਾ ਬੰਨ੍ਹ ਨਾ ਸਕਿਆ ਕਦਮਾਂ ਦੀਆਂ ਜ਼ੰਜੀਰਾਂ ਨੂੰ।

ਹੰਝੂ ਟੇਪੇ ਤਿਵੇਂ ਤਿਵੇਂ ਹੀ ਅੱਖਾਂ ਵਿਚੋਂ ਵਹਿੰਦੇ ਰਹੇ
ਜਿਉਂ ਜਿਉਂ ਪਲਕਾਂ ਘੁਟੀ ਰਖਿਆ ਯਾਦ ਦੀਆਂ ਤਸਵੀਰਾਂ ਨੂੰ।

ਅਜ ਹੋਇਆ ਗੁਮਰਾਹ ਉਹ ਉਕਾ ਕਹਿੰਦੇ ਦੁਨੀਆਂ ਵਾਲੇ ਨੇ
ਕੀ ਕੋਈ ਜਾਣੇ ਦੁਨੀਆਂ ਵਾਲਾ ਕੀ ਏ ਮਰਜ਼ ਫਕੀਰਾਂ ਨੂੰ?

ਦੋ ਦਿਲਾਂ ਦਾ ਮੇਲ ਤਾਂ ਉਕਾ ਨਹੀਂ ਮਨਜ਼ੂਰ ਜ਼ਮਾਨੇ ਨੂੰ
ਬਦਲਣ ਦੇ ਲਈ ਸੋਚ ਰਿਹਾ ਹਾਂ ਇਹਨਾਂ ਹੀ ਤਦਬੀਰਾਂ ਨੂੰ।

ਦਿਲ ਦੀਆਂ ਗਲਾਂ ਦਿਲ ਵਾਲੇ ਵਲ ਲਿਖਿਆ ਕਰ
ਦਿਲ ਦਾ ਟੁਕੜਾ ਵੇਚ ਨਾ ਬੈਠੀਂ ਵੇਖੀ ਕਿਤੇ ਅਮੀਰਾਂ ਨੂੰ।

ਚਿਠੀ ਦੇ ਵਿਚ ਲਿਖਿਆ ਨਾ ਕਰ "ਸਪਨੇ ਮੇਰੀ ਆਖੋਂ ਕੇ"
ਡਾਢੇ ਕਰਨ ਕਟਹਿਰੇ ਖੜਿਆਂ ਨਾ ਬਖਸ਼ਣ ਤਕਸੀਰਾਂ ਨੂੰ।

ਸ਼ਹਿਰ ਤਿਰੇ ਵਿਚ ਚਰਚਾ ਛਿੜਿਆ ਸੁਣਿਐ ਅਜ ਸਵੇਰਾਂ ਤੋਂ
ਕਿਸੇ ਵੇਖਿਆ ਇਕ ਅਨਾੜੀ ਪੂਜੇ ਜੰਡ ਕਰੀਰਾਂ ਨੂੰ।

ਫੜਕੇ ਜੱਗ ਪਾਣੀ ਦੇ ਹਥੀਂ ਰਹੇ ਦਰਬਾਨ ਖਲੋਤੇ ਹੀ
ਜਾਨ ਦੇ ਗਿਆ ਤੜਪ ਪਿਆਸਾ ਦਰਸ਼ਨ ਦੇ ਘੁਟ ਨੀਰਾਂ ਨੂੰ।

ਨਾਮਧਾਰੀ ਟਰੈਵਲਜ਼
ਗੁਰਦਵਾਰਾ ਰੋਡ, ਕਰੋਲ ਬਾਗ
ਨਵੀਂ ਦਿਲ਼ੀ—110005

Namdhari Elibrary NamdhariElibrary@gmail.com

ਕੀਰਤਨ ਦਰਬਾਰ

ਅੰਮ੍ਰਿਤਸਰ

ਪ੍ਰੋ: ਜੁਗਿੰਦਰ ਬਾਵਰਾ ਐਮ. ਏ.
ਮੁਖੀ ਸੰਗੀਤ ਵਿਭਾਗ
ਗੌ: ਕਾਲਜ ਆਫ ਐਜੂਕੇਸ਼ਨ ਜਲੰਧਰ

ਕੋਮਲ ਕਲਾਵਾਂ ਤਾਂ ਅਨੇਕ ਹੀ ਹਨ ਪਰ ਵਿਦਵਾਨਾਂ ਨੇ ਕੇਵਲ ਪੰਜ ਹੀ ਮੁਖ ਮੰਨੀਆਂ ਹਨ। ਸੰਗੀਤ ਦਾ ਪਹਿਲਾ ਤੇ ਕਾਵਿ ਦਾ ਦੂਜਾ ਸਥਾਨ ਨਿਸ਼ਚਿਤ ਕੀਤਾ ਹੈ। ਲੰਬੇਰੀ ਗ਼ਲ ਨੂੰ ਥੋੜੇ ਅਖਰਾਂ ਵਿਚ ਕਹਿਣਾ ਅਤੇ ਦਿਲ ਦੀ ਗਹਿਰਾਈ ਤਕ ਉਤਾਰਨ ਲਈ ਕਵਿਤਾ ਇਕ ਤੀਰ ਦਾ ਕੰਮ ਕਰਦੀ ਹੈ। ਕਵਿਤਾ ਦਿਲ ਨੂੰ ਡੂੰਗਦੀ ਹੈ ਕਲੇਜੇ ਵਿਚ ਧੂ ਪਾਉਂਦੀ ਹੈ। ਮਹਾਤਮਾ-ਸੰਤਾਂ ਦੀਆਂ ਰਚਨਾਵਾਂ, ਸੂਫੀ ਕਵਿਤਾਵਾਂ, ਗੁਰਬਾਣੀ, ਭਜਨ ਆਦਿ ਕਾਵਿ ਭਗਤੀਮਯ ਹਨ। ਇਸੇ ਲਈ ਇਹ ਮਨ ਪ੍ਰਚਾਵੇ ਤੋਂ ਛੁਟ ਆਤਮਕ ਪ੍ਰਚਾਵੇ ਦਾ ਕੰਮ ਕਰਦੀਆਂ ਹਨ। ਗੁਰਬਾਣੀ ਸਮੁਚੇ ਰੂਪ ਵਿਚ ਭਗਤੀ ਕਾਵਿ ਹੈ, ਜਦੋਂ ਇਸ ਨੂੰ ਸੁਰ ਦੀ ਰੰਗਨ ਪ੍ਰਾਪਤ ਹੋ ਜਾਂਦੀ ਹੈ ਤਾਂ ਇਹ ਹਿਰਦੇ ਵਿੱਚ ਸਮਾ ਜਾਂਦੀ ਹੈ। ਮਨ ਹਿਲੋਰੇ ਖਾਂਦਾ ਹੈ। ਆਤਮਾ ਝੂਮਨ ਲਗ ਜਾਂਦੀ ਹੈ। ਸਾਰੇ ਸ਼ਰੀਰ ਦੀ ਸ਼ਕਤੀ ਕੇਂਦਰਿਤ ਹੋ ਜਾਂਦੀ ਹੈ। ਸੁਰਤਿ ਇਕ ਨੁਕਤੇ ਤੇ ਟਿਕ ਜਾਂਦੀ ਹੈ।

ਰਾਗ ਦਾ ਅਰਥ ਰੰਜਨ ਕਰਨ ਵਾਲੀ ਧੁਨੀ ਹੈ। ਰਾਗ ਵਿੱਚ ਗਾਈ ਗੁਰਬਾਣੀ ਸੋਨੇ ਤੇ ਸੁਹਾਗੇ ਦਾ ਕੰਮ ਕਰਦੀ ਹੈ। ਜਿਵੇਂ ਕਿਸੇ ਸੋਹਣੀ ਸ਼ੈਅ ਨੂੰ ਬਾਰ ਬਾਰ ਦੇਖਣ ਨੂੰ ਦਿਤ ਕਰਦਾ ਹੈ ਉਸੇ ਤਰ੍ਹਾਂ ਚੰਗੀ ਕਵਿਤਾ ਨੂੰ ਤੇ ਧੁਨੀ ਨੂੰ ਬਾਰ ਬਾਰ ਸੁਨਣ ਲਈ ਚਿਤ ਕਰਦਾ ਹੈ। ਅੱਜ ਤੋਂ 500 ਸਾਲਾਂ ਤੋਂ ਵੀ ਵਧ ਸਮੇਂ ਦੀਆਂ ਪੁਰਾਣੀਆਂ ਗੁਰੂਆਂ ਦੀਆਂ ਸੁੰਦਰ ਰਚਨਾਵਾਂ ਘੜੀ ਮੁੜੀ ਸੁਨਣ ਤੋਂ ਚਿਤ ਨਹੀਂ ਅਕਦਾ। ਹਾਲਾਂਕਿ ਇਹਨਾਂ ਸ਼ਬਦਾਂ ਨੂੰ ਅਸੀਂ ਹਜ਼ਾਰਾਂ ਵਾਰ ਸੁਣ ਚੁਕੇ ਹੁੰਦੇ ਹਾਂ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਕੀਤੀ। ਕਿਹਾ ਜਾਂਦਾ ਹੈ ਕਿ ਇਕ ਵਾਰੀ ਗੁਰੂ ਅਰਜਨ ਦੇਵ ਜੀ ਪਾਸ ਡੂਮ ਆਏ ਤੇ ਕੀਰਤਨ ਕਰਨ ਲਗੇ। ਬਾਣੀ ਦੀ ਥਾਂ ਉਹ 'ਨਾਨਕ' ਛਾਪ ਰਚੀ ਕਵਿਤਾ ਸੀਇਆਂ ਦੁਆਰਾ ਰਚਿਤ ਗਾਣ ਲਗੇ। ਭਾਈ ਕੇਸਰ ਸਿੰਘ ਛਿਬਰ ਨੇ ਬੰਸਾਵਲੀ ਨਾਮੇ ਵਿਚ ਇਉਂ ਲਿਖਿਆ ਹੈ :—

ਡੂੰਮ ਲਗੇ ਸ਼ਬਦ ਸੀਣਿਆਂ ਦੇ ਗਾਵਣ।
ਦੂਯਾ ਦਰਬਾਰ ਵੱਡਾ, ਗੁਰਆਈ ਦਾ ਲਗੇ ਲਾਵਣ ॥
ਸੀਣਿਆਂ ਭੀ ਇਕ ਪੁਸਤਕ ਗ੍ਰੰਥ ਬਣਾਇਆ।
ਚੂੰਹ ਪਾਦਸ਼ਾਹੀਆਂ ਦੇ ਸ਼ਬਦ ਬਾਣੀ ਲਿਖ ਵਿਚ ਪਾਇਆ ॥

ਗੁਰੂ ਘਰ ਦੇ ਦੋਖੀਆਂ ਨੂੰ ਅਪਣੀਆ ਰਚਨਾਵਾਂ ਕਰਕੇ ਅੰਤ ਵਿਚ 'ਨਾਨਕ' ਸ਼ਬਦ ਲਿਖਨਾ ਆਰੰਭ ਕਰ ਦਿਤਾ। ਇਸ ਅਸ਼ੁਧਤਾ, ਮਿਲਾਵਟੀ ਅਤੇ ਅਪ੍ਰਮਾਨਿਤ ਬਾਣੀ ਤੋਂ ਸ਼ੁਧ ਬਾਣੀ ਨੂੰ ਬਚਾਉਣ ਲਈ ਆਦਿ ਗ੍ਰੰਥ ਦੀ ਰਚਨਾ ਆਰੰਭ ਦਿਤੀ।

ਚੌਥੇ ਗੁਰੂ ਸ੍ਰੀ ਗੁਰੂ ਰਾਮ ਦਾਸ ਜੀ ਨੇ 1577 ਵਿੱਚ ਅੰਮ੍ਰਿਤਸਰ ਦੇ ਪਵਿਤਰ ਹਰਿਮੰਦਿਰ ਦੀ ਨੀਂਹ ਰਖੀ।

Namdhari Elibrary NamdhariElibrary@gmail.com

ਗੁਰੂਆਂ ਦੀ ਵਸਾਈ ਹੋਈ ਪਾਵਨ ਨਗਰੀ ਅੰਮ੍ਰਿਤਸਰ ਦਾ ਨੀਂਹ ਪੱਥਰ ਮੁਸਲਮਾਨ ਫਕੀਰ ਮਿਆਂ ਮੀਰ ਪਾਸੋਂ ਗੁਰੂ ਜੀ ਨੇ ਰਖਵਾਇਆ। ਇਹ ਧਰਮ ਨਿਰਪੇਖਤਾ ਦਾ ਪ੍ਰਥਮ ਚਿਨ੍ਹ ਹੈ। ਨਿਰੋਲ ਗੁਰਬਾਣੀ ਦਾ ਕੀਰਤਨ ਰਾਗੀਆਂ ਰਬਾਬੀਆਂ ਤੇ ਮਰਾਸੀਆਂ ਦੁਆਰਾ ਕੀਤਾ ਜਾਣਾ ਸਾਂਝੀਵਾਲਤਾ ਦਾ ਪੱਕਾ ਸਬੂਤ ਹੈ। ਸ੍ਰੀ ਹਰਿਮੰਦਰ ਸਾਹਿਬ ਵਿਚ 1947 ਤੋਂ ਪਹਿਲਾਂ ਰਬਾਬੀ ਵੀ ਕੀਰਤਨ ਕਰਦੇ ਹੁੰਦੇ ਸਨ। ਪਰ ਉਹ ਹੁਣ ਪਾਕਿਸਤਾਨ ਚਲੇ ਗਏ ਹਨ। ਅਜਕਲ ਇਥੇ ਕੇਵਲ ਸਿਖ ਰਾਗੀ ਸਿੰਘ ਹੀ ਕੀਰਤਨ ਕਰ ਸਕਦੇ ਹਨ।



ਲੇਖਕ

ਤੁਲਸੀ ਕਹਿੰਦੇ ਹਨ 'ਕਲ ਯੁਗ ਮੇਂ ਕੀਰਤਨ ਪ੍ਰਧਾਨਾ। ਸਾਰੇ ਦੇ ਸਾਰੇ ਅਛਟਸ਼ਾਪ ਦੇ ਭਗਤ ਕਵਿ ਕੀਰਤਨ ਕਰਦੇ ਸਨ। ਗੁਰਬਾਣੀ ਕਹਿੰਦੀ ਹੈ "ਗਾਵਤ ਉਧਰੇ ਸੁਨਤੇ ਵੀ ਉਧਰੇ।" ਕੀਰਤਨ ਦੇ ਕਰਨ ਅਤੇ ਸੁਨਣ ਵਾਲੇ ਦੋਨਾਂ ਦਾ ਉਧਾਰ ਹੁੰਦਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਹਿਲੇ ਗੁਰੂਆਂ ਦੀ ਤਰ੍ਹਾਂ ਕੀਰਤਨ ਦੀ ਮਰਯਾਦਾ ਨੂੰ ਨਾ ਕੇਵਲ ਕਾਇਮ ਰਖਿਆ ਸਗੋਂ ਅਗੇ ਤੋਰਿਆ।

ਸੱਤਾ ਤੇ ਬਲਵੰਤ ਗੁਰੂ ਜੀ ਦੇ ਸਮੇਂ ਦੇ ਬੜੇ ਪ੍ਰਸਿਧ ਰਾਗੀ ਸਨ। ਇਕ ਵਾਰ ਉਹਨਾਂ ਦੀ ਧੀ ਦਾ ਵਿਆਹ ਸੀ ਤੇ ਉਹਨਾਂ ਨੇ ਗੁਰੂ ਜੀ ਪਾਸ ਮਾਇਕ ਸਹਾਇਤਾ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਫੁਰਮਾਇਆ ਵਿਸਾਖੀ ਆ ਰਹੀ ਹੈ ਉਸ ਦਿਨ ਦਾ ਸਾਰਾ ਚੜ੍ਹਾਵਾ ਤੁਹਾਡਾ। ਪਰ ਸਤਾ-ਬਲਵੰਡਾ ਦਾ ਲੋਭ ਵਧ ਗਿਆ ਤੇ ਹੋਰ ਧਨ ਦੀ ਕਾਮਨਾ ਕਰਨ ਲਗੇ। ਜਾਂ ਉਸ ਦਿਨ ਦੇ ਚੜਾਵੇ ਨਾਲ ਉਹਨਾਂ ਦੀ ਤਸਲੀ ਨਾ ਹੋਈ। ਗੁਰੂ ਸਾਹਿਬ ਨੇ ਕਿਹਾ, "ਮੈਂ ਆਪਣੇ ਵਚਨ ਦੇ ਅਨੁਸਾਰ ਕਰ ਦਿਤਾ ਹੈ ਅਗੋਂ ਤੁਹਾਡੀ ਕਿਸਮਤ।" ਉਹ ਨਾਰਾਜ਼ ਹੋ ਗਏ ਤੇ ਘਰ ਬੈਠ ਗਏ। ਗੁਰੂ ਜੀ ਨੇ ਸੇਵਕ ਭੇਜਿਆ, ਫਿਰ ਭੇਜਿਆ ਪਰ ਉਹ ਆਉਣ ਲਈ ਰਾਜ਼ੀ ਨਾ ਹੋਏ। ਅੰਤ ਗੁਰੂ ਜੀ ਆਪ ਗਏ। ਤਾਂ ਉਹ ਬੋਲੇ, "ਸਾਡੇ ਪੁਰਵਜ ਮਰਦਾਨੇ ਨੇ ਹੀ ਗੁਰੂ ਨਾਨਕ ਨੂੰ ਸਹੀ ਅਰਥਾਂ ਵਿਚ ਗੁਰੂ ਬਣਾਇਆ, ਨਹੀਂ ਤਾਂ ਸੰਸਾਰ ਉਹਨਾਂ ਦਾ ਇਤਨਾਂ ਮਾਨ ਨਾ ਕਰਦਾ। ਅਸੀਂ ਹੀ ਦਰਬਾਰ ਦੀ ਸ਼ੋਭਾ ਵਧਾਉਣ ਵਾਲੇ ਹਾਂ, ਨਹੀਂ ਤਾਂ ਗੁਰੂਆਂ ਦੀ ਪ੍ਰਤਿਸ਼ਠਾ ਹੀ ਸਮਾਪਤ ਹੋ ਜਾਂਦੀ। ਅਸੀਂ ਕਿਸੇ ਵੀ ਸੋਢੀ ਦੇ ਘਰ ਜਾ ਕੇ ਕੀਰਤਨ ਕਰ ਕੇ ਉਸ ਨੂੰ ਵੀ ਗੁਰੂ ਬਣਾ ਸਕਦੇ ਹਾਂ।" ਅਜਿਹੇ ਕੁਝ ਹੋਰ ਵੀ ਰੁਖੇ ਸ਼ਬਦ ਕਹੇ। ਗੁਰੂ ਜੀ ਨੇ ਸਭ ਕੁਝ ਸਹਿ ਲਿਆ ਪਰ ਗੁਰੂ ਨਿੰਦਾ ਨਾ ਸਹਾਰ ਸਕੇ। ਸਤਾ ਤੇ ਬਲਵੰਡ ਨੂੰ ਕੋਹੜ ਪੈ ਗਿਆ। ਬਾਅਦ ਵਿਚ ਦਇਆ ਦੇ ਸਾਗਰ ਗੁਰੂ ਸਾਹਿਬ ਨੇ ਬਖਸ਼ ਦਿਤਾ ਸੀ। ਪਰ ਉਸ ਦਿਨ ਤੋਂ ਗੁਰੂ ਜੀ ਨੇ ਆਮ ਸਿਖਾਂ ਨੂੰ ਕੀਰਤਨ ਕਰਨ ਦੀ ਹਦਾਇਤ ਕਰ ਦਿਤੀ।

ਰਬਾਬੀ ਕਈ ਹੋਏ ਹਨ ਗੁਰਬਾਣੀ ਕੀਰਤਨ ਵਿਚ ਮਾਹਿਰ ਸਨ। ਭਾਈ ਬਾਬਕ, ਭਾਈ ਮੋਤੀ, ਭਾਈ ਸੁੰਦਰ, ਭਾਈ ਚਾਂਦ, ਭਾਈ ਚਾਨਣ, ਭਾਈ ਲਾਲ ਇਹਨਾਂ ਦੀ ਮੌਤ 1961 ਵਿਚ ਹੋਈ। ਇਹ ਸ਼ਾਸਤਰੀਆ ਸੰਗੀਤ ਦੇ ਚੰਗੇ ਗਿਆਤਾ ਸਨ। ਉਹ ਕਵਾਲੀ, ਗਜ਼ਲ ਵੀ ਗਾਉਂਦੇ ਸਨ। ਇਹਨਾਂ ਦੀ ਤਾਨ ਬੜੀ ਤਿਆਰ ਸੀ। ਪਾਕਿਸਤਾਨ ਤੋਂ ਕਈ ਵਾਰੀ ਭਾਰਤ ਆਏ ਸਨ। ਭਾਈ ਤਾਬਾ, ਭਾਈ ਦੇਸਾ ਆਦਿ ਕਈ ਰਬਾਬੀ ਤੇ ਮਰਾਸੀ ਕੀਰਤਨੀਏ ਹੋਏ ਹਨ। ਭਾਈ ਪਰੇਮ ਸਿੰਘ, ਸੁੰਦਰ ਸਿੰਘ ਆਤਮਾ ਸਿੰਘ, ਸ਼ੇਰ ਸਿੰਘ, ਸੁੰਦਰ ਸਿੰਘ, ਪਰਤਾਪ ਸਿੰਘ, ਪੂਰਨ ਸਿੰਘ, ਗਿਆਨ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੁਰਜਨ ਸਿੰਘ ਆਦਿ ਕਈ ਉਘੇ ਕੀਰਤਨਕਾਰ ਹੋਏ ਹਨ।

ਗੁਰੂ ਘਰ ਵਿਚ ਕੀਰਤਨ ਗੁਰੂ ਨਾਨਕ ਦੇਵ ਜੀ ਤੋਂ ਚਲਿਆ ਆ ਰਿਹਾ ਹੈ। ਗੁਰੂ ਜੀ ਨਾਲ ਮਰਦਾਨਾ ਰਬਾਬ ਵਜਾਉਂਦਾ ਤੇ ਕੀਰਤਨ ਕਰਦਾ। ਸਾਰੇ ਮਰਾਸੀ ਆਪਣਾ ਸਬੰਧ ਭਾਈ ਮਰਦਾਨੇ ਨਾਲ ਜੋੜਦੇ ਹਨ। ਪਹਿਲਾਂ ਕੀਰਤਨ ਨਾਲ ਤਾਰ ਵਾਲੇ ਸਾਜ਼ਾਂ ਦਾ ਵੀ ਪ੍ਰਯੋਗ ਹੁੰਦਾ ਸੀ। ਰਬਾਬ ਤੋਂ ਬਾਅਦ ਸਰੰਦਾ ਤੇ ਫਿਰ ਦਿਲਰੁਬਾ ਤੇ ਤਾਊਸ ਆ ਗਿਆ। ਹੁਣ ਵਾਜਿਆਂ ਨਾਲ ਹੀ ਕੀਰਤਨ ਹੁੰਦਾ ਹੈ। ਕਈ ਰਾਗੀ, ਰਾਗ ਵਿਦਿਆ ਦੇ ਚੰਗੇ ਜਾਣੂ ਹਨ ਕਈ ਥੋੜੇ।

ਅਕਤੂਬਰ 1977 ਦਾ ਆਖਰੀ ਸਪਤਾਹ ਅੰਮ੍ਰਿਤਸਰ ਦੀ ਸਥਾਪਨਾ ਦਾ 400 ਸਾਲਾ ਪੁਰਬ ਦੇ ਰੂਪ ਵਿਚ ਧੂਮ-ਧਾਮ ਨਾਲ ਮਨਾਇਆ ਗਿਆ। 25-10-77 ਰਾਤ ਨੂੰ

Namdhari Elibrary NamdhariElibrary@gmail.com

"ਗੈਰ ਸਿਖ ਕਲਾਸੀਕਲ ਕੀਰਤਨ ਦੇ ਨਾਂ ਹੇਠ ਦੀਵਾਨ ਲਗਾ। ਇਸ ਵਿਚ ਮੈਂ ਜੋ ਸੁਣੇ ਹਨ ਉਹਨਾਂ ਵਿਚ ਉਸਤਾਦ ਮੁਨਵਰ ਅਲੀ ਖਾਂ ਨੇ ਪਹਿਲਾਂ ਰਾਗ ਸੋਰਠ ਵਿਚ "ਰਾਮਦਾਸ ਸਰੋਵਰ ਨਾਤੇ" ਤੇ ਬਾਅਦ ਵਿਚ ਆਸਾ ਰਾਗ ਵਿਚ ਫਰੀਦ ਜੀ ਦਾ ਸ਼ਬਦ ਸੁਣਾਇਆ। ਸ੍ਰੀਮਤੀ ਪ੍ਰਭਾ ਅਤਰੇ ਨੇ ਤੁਖਾਰੀ ਰਾਗ ਵਿਚ ਵਿਲੰਬਤ ਇਕ ਤਾਲ ਵਿਚ ਸ਼ਬਦ ਗਾਇਨ ਕੀਤਾ। ਫਿਰ ਤੀਨ ਤਾਲ ਵਿਚ ਤੇ ਇਸੇ ਰਾਗ ਵਿਚ "ਮ੍ਹ ਲਾਲਨ ਸਿਉਂ ਪ੍ਰੀਤ ਬਨੀ" ਸ਼ਬਦ ਨੂੰ ਤਾਨਾਂ ਤੇ ਸਰਗਮਾਂ ਨਾਲ ਸਜਾਇਆ। ਪੰਜਾਬ ਦੇ ਸ: ਸੋਹਨ ਸਿੰਘ ਜੀ ਨੇ ਦੋ ਸ਼ਬਦ ਗਾਏ। ਨਾਇਕੀ ਕਾਨੜਾ ਰਾਗ ਵਿਚ ਪਹਿਲਾਂ ਵਿਲਯੰਭ ਫਿਰ ਦੁਰਤ ਲੈਅ ਵਿਚ। "ਡਿਠੇ ਸਭੇ ਥਾਵ ਨਹੀਂ ਤੁਧ ਜੇਹਿਆ" ਅਵਸਰ ਦੇ ਬੜਾ ਅਨੁਕੂਲ ਸ਼ਬਦ ਸੀ। ਕਿਸ਼ੋਰੀ ਅਮੋਨਕਰ ਨੇ ਤਿੰਨ ਰਚਨਾਵਾਂ ਸੁਣਾ-ਇਆ। ਜੋ "ਤੋਹਿ ਪ੍ਰੇਮ ਖੇਲਨ ਕਾ ਚਾਉ" ਦੀ ਸਟੇਜ ਸਕਤਰ ਨੇ ਫਰਮਾਇਸ਼ ਕੀਤੀ। ਬਾਅਦ ਵਿਚ ਕਿਸ਼ੋਰੀ ਜੀ ਦਾ ਹੋਰ ਗਾਨ ਤੇ ਦਿਲ ਕਰ ਆਇਆ। ਕਿਉਂਕਿ ਸਮਾਂ ਬੜਾ ਸੁੰਦਰ ਬਣਿਆ ਹੋਇਆ ਸੀ। ਭੈਰਵੀ ਵਿਚ ਗੁਰੂ ਤੇਗ ਬਹਾਦੁਰ ਜੀ ਦਾ ਸ਼ਬਦ "ਇਹ ਜਗ ਮੀਤ ਨਾ ਦੇਖਿਉ ਕੋਈ" ਗਾਇਆ। ਪੰਡਤ ਪਰੇਮ ਵਲਭ ਅਤੇ ਗੁਲਾਮ ਸਾਬਰੀ ਖਾਂ ਤਬਲਾ ਅਤੇ ਸਾਰੰਗੀ ਦੀ ਸੰਗਤ ਲਈ ਆਏ ਹੋਏ ਸਨ। 27-10-77 ਨੂੰ ਰਾਤੀਂ ਰਾਗੀ ਜਥੇ ਅਤੇ ਹੋਰ ਕਲਾਕਾਰਾਂ ਨੇ ਸ਼ਾਸ਼ਤਰੀ ਸਗੀਤ ਵਿਚ ਕੀਰਤਨ ਕੀਤਾ। ਭਾਈ ਦਵਿੰਦਰ ਸਿੰਘ ਤੋਂ ਬਾਅਦ ਭਾਈ ਬਖਸ਼ੀਸ਼ ਸਿੰਘ ਨੇ ਰਸਭਿਨਾਂ ਕੀਰਤਨ ਕੀਤਾ। ਪ੍ਰੋ: ਰਾਜਿੰਦਰ ਸਿੰਘ ਨੇ ਨਾਇਕੀ ਕਾਨੜਾ ਵਿਚ ਸ਼ਬਦ ਗਾਇਆ। ਸਿੰਘ ਬੰਧੂਆਂ ਨੇ ਰਾਗ ਕਲਿਆਣ ਵਿਚ ਸ਼ਬਦ ਗਾਇਆ। ਬੀਬੀ ਅਜੀਤ ਕੌਰ ਨੇ ਵੀ ਰਾਗ ਕਲਿਆਣ ਵਿਚ ਰਚਿਤ ਗੁਰੂ ਰਾਮ ਦਾਸ ਜੀ ਦਾ ਸ਼ਬਦ "ਪ੍ਰਭ ਕੀਜੈ ਕਿਰਪਾ ਨਿਧਾਨ" ਗਾਇਆ। ਦਿਲੀ ਦੇ ਡਾ: ਅਜੀਤ ਸਿੰਘ ਪੈਂਤਲ ਨੇ ਰਾਗ ਦਰਬਾਰੀ ਵਿਚ ਸ਼ਬਦ ਗਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ।

ਰੇਡਿਉ ਅਤੇ ਟੈਲੀਵੀਜ਼ਨ ਨੇ ਘਰ ਬੈਠੇ ਪ੍ਰੇਮੀਆਂ ਨੂੰ ਵੀ ਪ੍ਰੋਗਰਾਮ ਸੁਣਾਏ ਤੇ ਵਿਖਾਏ। ਸਾਰੇ ਕੀਰਤਨ ਕਰਨ ਵਾਲਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਅਤੇ ਸਰੋਪਾ ਦਿਤਾ ਗਿਆ। ਇਸ ਅਵਸਰ ਤੇ ਦੇਸ਼ ਦੇ ਕਈ ਉਘੇ ਨੇਤਾ ਵੀ ਪਧਾਰੇ। ਸਾਰਿਆਂ ਨੇ ਆਪਣੀਆਂ ਆਪਣੀਆਂ ਸ਼ਰਧਾਂਜਲੀਆਂ ਅਰਪਣ ਕੀਤੀਆਂ।

ਪਰ ਇਸ ਦਰਬਾਰ ਦੀ ਸਭ ਤੋਂ ਵਧੀਆ ਆਈਟਮ ਜੋ ਟੀ. ਵੀ. ਤੇ ਨਹੀਂ ਆਈ ਉਹ ਭੈਣੀ ਸਾਹਿਬ ਦੇ ਨਾਮਧਾਰੀ ਬਚਿਆਂ ਦਾ ਕੀਰਤਨ ਸੀ ਜਿਸ ਨੂੰ ਸੁਣ ਕੇ ਸੰਗਤਾਂ ਵਲੋਂ ਹੋਰ ਸੁਨਣ ਦੀ ਫੁਰਮਾਇਸ਼ ਆਈ। ਸ਼੍ਰੋਮਣੀ ਕਮੇਟੀ ਵਲੋਂ ਸ਼ਾਸਤਰੀ ਕੀਰਤਨ ਦਰਬਾਰ ਦੀ ਪਿਰਤ ਚੰਗੀ ਹੈ ਜੋ ਕਾਇਮ ਰਹਿਣੀ ਚਾਹਦੀ ਹੈ। ●



ਸਤਿਗੁਰੂ ਜਗਜੀਤ ਸਿੰਘ ਅੰਕ

ਵਰਿਆਮ ਦਾ ਅਗਲਾ ਅੰਕ ਸਤਿਗੁਰੂ ਜਗਜੀਤ ਸਿੰਘ ਅੰਕ ਹੋਵੇਗਾ। ਇਹ ਦਸੰਬਰ ਤ ਜਨਵਰੀ ਦਾ ਇਕੱਠਾ ਅੰਕ ਹੋਵੇਗਾ। ਆਪਣੇ ਵਿਸ਼ੇ ਉਤੇ ਇਹ ਪਹਿਲੀ ਅਤੇ ਪ੍ਰਮਾਣਿਕ ਕ੍ਰਿਤ ਹੋਵੇਗੀ। ਪ੍ਰਮੁਖ ਵਿਦਵਾਨਾਂ ਦੇ ਲੇਖਾਂ ਕਵਿਤਾਵਾਂ ਅਤੇ ਕਹਾਣੀਆਂ ਅਤੇ ਆਧਾਰਤ ਇਹ ਅੰਕ ਜਿਥੇ ਇਤਿ-ਹਾਸਕ ਤੌਰ ਤੇ ਸਾਂਭਣ ਯੋਗ ਵਸਤੂ ਹੋਵੇਗਾ ਉਥੇ ਪੰਜਾਬੀ ਸਾਹਿਤ ਵਿਚ ਵੀ ਨਰੋਆ ਵਾਧਾ ਹੋਵੇਗਾ। ਇਤਿਹਾਸਕ ਤਸਵੀਰਾਂ ਨਾਲ ਸਜੇ ਇਸ ਅੰਕ ਦਾ ਮੁਲ ਤਿੰਨ ਰੁਪਏ ਹੋਵੇਗਾ। ਉਸ ਵੇਲੇ ਤਕ ਬਣ ਚੁਕੇ ਸਾਲਾਨਾ ਗਾਹਕਾਂ ਨੂੰ ਇਹ ਪਹਿਲੇ ਚੰਦੇ ਵਿਚ ਹੀ ਮਿਲ ਸਕੇਗਾ। ਕਾਰੋਬਾਰੀ ਸਜਨਾਂ ਨੂੰ ਆਪਣੀਆ ਫਰਮਾਂ ਦੇ ਇਸ਼ਤਿਹਾਰ ਦੇਣ ਦਾ ਸੁਨਹਰੀ ਮੌਕਾ ਹੈ। ਇਸ ਅੰਕ ਲਈ ਇਸ਼ਤਿਹਾਰਾਂ ਦਾ ਦਰ ਸਾਧਾਰਨ ਨਾਲੋਂ ਦੁਗਣਾ ਹੋਵੇਗਾ। ਇਸ ਅੰਕ ਦੀਆਂ ਵਧੇਰੇ ਕਾਪੀਆਂ ਖਰੀਦਣ ਵਾਲੇ ਸਜਨ, ਸੰਸਥਾਵਾਂ ਆਪਣੇ ਆਰਡਰ ਜਲਦੀ ਭੇਜ ਦੇਣ। ਲੇਖਕ ਸਜਨ ਅਪਹੁੰਚੀਆਂ ਰਚਨਾਵਾਂ ਜਲਦੀ ਭੇਜ ਦੇਣ ਤਾਂ ਕਿ ਅੰਕ ਵਿਚ ਯੋਗ ਥਾਂ ਮਿਲ ਸਕੇ।

ਫੋਨ ਪੀ. ਪੀ. 72504 — ਮੈਨੇਜਰ ਵਰਿਆਮ
ਲਾਡੋਵਾਲੀ ਰੋਡ, ਜਲੰਧਰ

Namdhari Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ASOKA BISCUIT

ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ



WANTED SUB DEALERS

ਡੀਲਰ ਸ਼ਿਪ ਲਈ ਲਿਖੋ ਜਾਂ ਮਿਲੋ

Phone : 29996

NAMDHARI SALES AGENCIES

CHANDIGARH

Phone : 567786

BAKSHISH SWEETS BHANDAR

Satguru Partap Singh Market, 10166 Gurdwara Road,
KAROL BAGH — NEW DELHI-110005

Namdhari Elibrary NamdhariElibrary@gmail.com

Registered : P/JL—97 MONTHLY WARIAM November 197
Registered with the registrar of News Papers for India No. 26453/75

ਖ਼ਾਲਸਾ ਜੀ ! ਪਗੜੀਆਂ ਵਾਸਤੇ



ਸੇਲ ਆਫਿਸ :—

ਨਾਮਧਾਰੀ ਸੇਲਜ਼ ਕਾਰਪੋਰੇਸ਼ਨ

ਕਟੜਾ ਮਹੇਸ਼ ਦਾਸ, ਨਵੀਂ ਸੜਕ,

ਦਿੱਲੀ—110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ । ਪ੍ਰਕਾਸ਼ਨ ਮਿਤੀ 9-11-1977

Namdhari Elibrary NamdhariElibrary@gmail.com